# ਤੁਲਸੀ ਦੇ ਪੱਤਰ

ਪ੍ਰੀਤਮ ਸਿੰਘ ਪੰਭਲ



'ਤੁਲਸੀ ਦੇ ਪੱਤਰ' ਕਾਵਿ-ਸੰਗ੍ਰਹਿ ਨਾਲ ਮੇਰੀ ਮੁਲਾਕਾਤ ਇੰਜ ਹੀ ਹੈ ਜਿਵੇਂ ਕੋਈ ਤੁਹਾਡੀ ਤਲ਼ੀ 'ਤੇ ਚਿਣਗਾਰੀ ਰੱਖ ਦੇਵੇ ਤੇ ਤੁਸੀਂ ਛਾਲੇ ਦੇ ਅਹਿਸਾਸ ਨਾਲ ਤਿਲਮਿਲਾ ਉੱਠੋ। ਹੌਲ਼ੀ ਹੌਲ਼ੀ ਆਪਣਾ ਹੱਥ ਪਲੋਸਦੇ ਰਹੋ ਤੇ ਆਪਣੇ ਆਪ ਨੂੰ ਸਹਿਲਾਉਂਦੇ ਰਹੋ।

ਡਾਕਟਰ ਮੁਹਿੰਦਰ ਕੌਰ ਗਿੱਲ
ਪ੍ਰਿੰਸੀਪਲ,
ਮਾਤਾ ਸੁੰਦਰੀ ਕਾਲਜ,
(ਦਿੱਲੀ ਯੂਨੀਵਰਸਿਟੀ)
ਨਵੀਂ ਦਿੱਲੀ
ਅਗਸਤ 27, 1992

## ਏਸੇ ਕਲਮ ਤੋਂ:

**ਮਿਲਨ** – ਉਰਦੂ ਕਾਵਿ–ਸੰਗ੍ਰਹਿ – 1989

**ਸੁਚੇਤ ਸੁਪਨੇ** – ਪੰਜਾਬੀ ਕਾਵਿ–ਸੰਗ੍ਰਹਿ – 1989

**ਤੁਲਸੀ ਦੇ ਪੱਤਰ** – ਪੰਜਾਬੀ ਕਾਵਿ–ਸੰਗ੍ਰਹਿ – 1992

**ਸਤਿਯੰਮ ਸ਼ਿਵਮ ਸੁੰਦਰਮ** – ਪੰਜਾਬੀ ਕਾਵਿ–ਸੰਗ੍ਰਹਿ – 1996

**ਨਿਰਪ** – ਪੰਜਾਬੀ ਕਾਵਿ–ਸੰਗ੍ਰਹਿ – 2003

**ਕਪਨ** – ਪੰਜਾਬੀ ਕਾਵਿ–ਸੰਗ੍ਰਹਿ – 2009

**ਨ੍ਹੇਰਾ** – ਪੰਜਾਬੀ ਕਾਵਿ–ਸੰਗ੍ਰਹਿ – 2010

## From the same Author

**MILAN –** Urdu Poetry - 1989

**SUCHET SUPNE –** Punjabi Poetry – 1989

**TULSI DE PATTAR** - Punjabi Poetry – 1992

**SATYAM SHIVAM SUNDERAM** - Punjabi Poetry – 1996

**NIRP** - Punjabi Poetry – 2003

**KAPAN** - Punjabi Poetry – 2009

**NEHRA** - Punjabi Poetry - 2010

# ਪੰਜਾਬੀ ਕਾਵਿ-ਸੰਗ੍ਰਹਿ

# ਤੁਲਸੀ ਦੇ ਪੱਤਰ

## ਲੇਖਕ: ਪ੍ਰੀਤਮ ਸਿੰਘ ਧੰਜਲ

First Edition: Hard Cover 1992
Second Edition: This *.pdf format, January 2018

Web Address: http://www.dhanjal.com
E-Mail Address: pritam@dhanjal.com

© **ਸਭ ਹੱਕ ਕਰਤਾ ਦੇ ਰਾਖਵੇਂ ਹਨ।**

Graphics: Pritam S Dhanjal

**ਮਿਲਨ ਪਬਲਿਸ਼ਰਜ਼, ਕੈਨੇਡਾ**

Punjabi Poems

# Tulsi De Pattar

## By: Pritam Singh Dhanjal

First Edition: Hard Cover 1992
Second Edition: This *.pdf format, January 2018

Web Address: http://www.dhanjal.com
E-Mail Address: pritam@dhanjal.com

**© The Author**

All rights reserved under International and
Pan-American Convention.

No Part of this book may be reproduced in any form or media for commercial use, without the written prior consent of the Author.

Graphics: Pritam S Dhanjal

**Milan Publishers, Canada.**

# ਸਮਰਪਨ

.

.

.

ਉਨ੍ਹਾਂ ਬੂੱਟਾਂ ਨੂੰ
ਜਿਨ੍ਹਾਂ ਦੀ ਰੂਹ
'ਤੁਲਸੀ ਦੇ ਪੱਤਰ' ਹੋ ਗੁਜ਼ਰੀ।

# ਤਤਕਰਾ

## ਕਵਿਤਾਵਾਂ


09 ਆਵਾਗਵਣ

10a ਪਰਵਾਸੀ

10b ਭੋਲ਼ਾਪਨ

11 ਅ-ਜਨਮ

12 ਬਨਾਮ ਬੇਨਾਮ 1

16 ਬਨਾਮ ਬੇਨਾਮ 2

20 ਬੇਵਫ਼ਾਈ

21 ਨਾਂਹ ਦਾ ਮਤਲਬ ਨਾਂਹ

23 ਤੁਲਸੀ ਦੇ ਪੱਤਰ

24 ਦੁੱਖ ਸਮੁੰਦਰੋਂ ਪਾਰ ਦੇ

25 ਕਲਮ ਨੂੰ

28 ਧਰਤੀ ਦੀ ਮਹਿਕ

31 ਸ਼ਹੀਦ

32 ਚਾਨਣ ਦੀ ਭਾਲ

33 ਬੰਬਾਰੀ

35 ਮੇਰਾ ਮਾਹੌਲ

38 ਰਿਸ਼ਤੇ ਨਾਤੇ

39 ਗੋਸ਼ਟੀ

40 ਕੁਝ ਸ਼ੇਅਰ

43 ਪਾਂਧੀ

44 ਐ ਸ਼ਮ੍ਹਾਂ!

45 ਰਾਤ

47 ਯੁਗ ਪਰਿਵਰਤਨ

49 ਰੂਹਾਂ

## ਤਤਕਰਾ

ਗ਼ਜ਼ਲ / ਅਗ਼ਜ਼ਲ


50 ਹਰ ਯੁਗ ਵਿਚ

51a ਇਨਸਾਫ਼ ਦਾ ਤਰਾਜ਼ੂ

51b ਜੀਵਨ ਦੇ ਰਸਤਿਆਂ ਦੀ

52 ਜਦੋਂ ਤਕ ਆਦਮੀ ਹੀ

53 ਮੇਰੀ ਨਿਗਾਹ ਨਾਲ

54 ਆਜ਼ਾਦੀ ਦੀ ਸ਼ਮ੍ਹਾਂ ਉੱਤੇ

55 ਸੱਚ ਸੱਚ ਕਹਿੰਦੇ ਰਹੇ

56 ਤਾਰਾ ਟੁੱਟਾ

57 ਸਾਵਣ ਆਵੇ ਜਾਂ ਨਾ ਆਵੇ

58 ਕਿਸੇ ਇਕ ਦੇ

59a ਇਹ ਦੁਨੀਆਂ

59b ਇਹ ਦੁਨੀਆਂ ਹੋਰ

60a ਮੈਂ ਜ਼ਿੰਦਗਾਨੀ ਦੇ

60b ਗੀਤ ਹਾਂ

61 ਕਦੇ ਕਦੇ ਕੋਈ

62 ਕਦੇ ਖ਼ੁਸ਼ੀਆਂ ‘ਚ

63 ਇਹ ਵਾਅਦਾ ਸੀ ਕੀਤਾ

64 ਅੱਜ ਫਿਰ ਕਾਸਿਦ

ਜਿਹਨੇ ਇਕ ਮਰਦੇ ਸਵਾਲੀ ਦੀ ਝੋਲੀ
ਨਵੀ ਜ਼ਿੰਦਗਾਨੀ ਦਾ ਸੀ ਦਾਨ ਪਾਇਆ
ਨਹੀਂ ਸਨ! ਉਹ 'ਤੁਲਸੀ ਦੇ ਪੱਤਰ' ਨਹੀਂ ਸਨ
ਉਨ੍ਹਾਂ ਵਿਚ ਛੁਪੀ ਸੀ, ਤੇਰੀ ਖ਼ੈਰ-ਖ਼ਾਹੀ।

## ਆਵਾਗਵਣ

ਅੱਜ ਹਵਾ ਨੇ ਪਾਣੀ ਚੁੱਕਿਆ, ਪੈਰ ਹਵਾ ਦੇ ਭਾਰੇ,
ਇਸ ਦੀ ਰਿਮਝਿਮ ਪੈਦਾ ਕਰਨੇ, ਲੱਖਾਂ ਹੀ ਜਲਪਾਰੇ।

ਇਹ ਧੁੱਪਾਂ, ਚਮਕੀਲੀਆਂ ਛਾਂਵਾਂ, ਕਿਰਦੀ ਜਾਂਦੀ ਰਚਨਾ,
ਇਹ ਸ਼ਕਤੀ, ਇਹ ਮੁਕਤੀ ਜਾਂ ਇਹ ਫਿਰ ਭਟਕਣ ਦੇ ਕਾਰੇ।

ਗ਼ਮ ਦੇ ਵਹਿਣ, ਖ਼ੁਸ਼ੀ ਦੀਆਂ ਲਹਿਰਾਂ, ਦੋ-ਚਿੱਤ ਘੁੰਮਣਘੇਰੀ,
ਜ਼ਖ਼ਮੀਂ ਹੋ ਹੋ ਕੇ ਅਰੜਾਉਂਦੇ, ਇਹ ਸੁਹਲ ਜਲ-ਧਾਰੇ।

ਕਲ-ਕਲ, ਝਿਰ-ਝਿਰ ਤੇ ਗਰੜਾ ਕੇ, ਮੈਂ ਸੰਗੀਤ ਬਣਾਏ,
ਸੂਖ਼ਮ ਭਾਵਾਂ ਵਰਗੇ ਮਿੱਠੇ, ਹੰਝੂਆਂ ਵਰਗੇ ਖਾਰੇ।

ਸਾਗਰ ਤੋਂ ਸਾਗਰ ਵੱਲ ਤੁਰਿਆ, ਮੈਂ ਟੁੱਟਿਆ, ਮੈਂ ਜੁੜਿਆ,
ਉੱਥਲ ਪੁੱਥਲ ਹੁੰਦੇ ਨੂੰ ਵੀ, ਮਿਲਦੇ ਗਏ ਕਿਨਾਰੇ।

ਜੀਅ ਸਨ, ਫੁੱਲ ਸਨ, ਪੌਣ-ਸੁਗੰਧਾਂ, ਮੁਸ਼ਕ ਮਾਰਦੀਆਂ ਲਾਸ਼ਾਂ,
ਮੇਰੇ ਸਾਥੀ ਬਣਦੇ ਗਏ ਨੇ, ਇਹ ਸਾਰੇ ਦੇ ਸਾਰੇ।

ਅੱਜ ਅਸੀਂ ਜਿਸ ਪੱਤਣ ’ਤੇ ਹਾਂ, ਫਿਰ ਮੁੜ ਕੇ ਕਦ ਆਉਣਾ?
ਇਸ ਦਾ ਫ਼ਿਕਰ ਭੁਲਾ ਕੇ, ‘ਪ੍ਰੀਤਮ’! ਲਈਏ ਲਹਿਰ ਹੁਲਾਰੇ।

↑ ਤਤਕਰਾ ↑

## ਪਰਵਾਸੀ

ਉੱਡ ਉੱਡ ਆਏ ਸੈ ਕੋਸਾਂ, ਅਸੀਂ ਲੰਬੀ ਮਾਰ ਉਡਾਰੀ,
ਜੀਵਨ ਦੇ ਚੰਗੇਰੇਪਨ ਲਈ, ਤਾਰੀ ਕੀਮਤ ਭਾਰੀ।
ਦੂਰ ਰਹੇ ਪਰ ਆਪਣਿਆਂ ਦੀ ਯਾਦ ਨਾ ਗਈ ਵਿਸਾਰੀ,
ਪ੍ਰੀਤਮ! ਓਥੇ ਹੀ ਚੁਗਦੇ ਹਾਂ, ਜਿੱਥੇ ਚੋਗ ਖਿਲਾਰੀ।

## ਭੋਲਾਪਨ

ਸਾਡਾ ਭੋਲਾਪਨ ਸਾਡਾ ਦੁਸ਼ਮਣ ਹੈ,
ਕਈ ਮੁਸੀਬਤਾਂ ਲਈ ਇਹ ਆਕ੍ਰਸ਼ਣ ਹੈ।
ਸਾਡੀਆਂ ਸਮੱਸਿਆਵਾਂ ਲਈ ਇਹ ਉਲਝਣ ਹੈ।
ਸਾਡੇ ਖ਼ਿਆਲਾਤ ਲਈ ਇਹ ਵਲਗਣ ਹੈ।
ਸਾਡੀ ਤੋਰ ਲਈ ਇਹ ਤਿਲਕਣ ਹੈ।
ਸਾਡੀ ਮੰਜ਼ਿਲ ਲਈ ਇਹ ਭਟਕਣ ਹੈ।

ਇਸ 'ਤੇ ਦੋਸ਼ ਨਹੀਂ ਲਾਇਆ ਜਾ ਸਕਦਾ।
ਇਸ ਨੂੰ ਕਾਬੂ 'ਚ ਪਾਇਆ ਜਾ ਸਕਦਾ।

↑ ਤਤਕਰਾ ↑

## ਅਜਨਮ

ਮਨ ਬੈਰਾਗੀ, ਸੁੰਨ-ਮੰਡਲਿ ਘਰ ਪਾਇਆ।
ਜੀਵਨ ਦੇਵਣ ਲੈਵਣ ਵਾਲੇ, ਇਹ ਕੀ ਖੇਲ ਬਣਾਇਆ!

ਗਰਭ-ਪੀੜ ਨੇ, ਜੀਵਨ ਦੀ ਥਾਂ, ਮੌਤ ਗੋਦ ਵਿਚ ਪਾਈ,
ਕੁੱਖ ਕੰਬੀ, ਦਿਲ ਟੁਕੜੇ ਹੋਇਆ, ਰੂਹ ਮੋਈ ਕੁਰਲਾਈ।
ਇਕ ਟਿੱਕ ਹੋ ਕੇ ਪੱਥਰ ਹੋਈਆਂ, ਅੱਖੀਆਂ ਨੀਰ ਵਹਾਇਆ,
ਜੀਵਨ ਦੇਵਣ ਲੈਵਣ ਵਾਲੇ, ਇਹ ਕੀ ਖੇਲ ਬਣਾਇਆ!

ਨਾਮ ਕੀ ਦੇਵਾਂ[1] ! ਇਕ ਵਾਰੀ ਵੀ ਜਿਸ ਨੂੰ ਲੈ ਨਹੀਂ ਹੋਣਾ,
ਨਾ ਸੁਹਣੇ ਦੇ ਹਾਸੇ ਮੇਰੇ, ਨਾ ਸੁਹਣੇ ਦਾ ਰੋਣਾ।
ਨਾ ਮਾਂ ਸਦਕੇ ਗਈ ਓਸ ਤੋਂ, ਨਾ ਹੀ ਲਾਡ ਲਡਾਇਆ।
ਜੀਵਨ ਦੇਵਣ ਲੈਵਣ ਵਾਲੇ, ਇਹ ਕੀ ਖੇਲ ਬਣਾਇਆ!

ਰੀਝਾਂ ਦੇ ਬੂਟੇ ਨੂੰ ਜੇ ਕੋਈ, ਖ਼ੂਨ ਪਸੀਨਾ ਪਾਵੇ,
ਉਸ 'ਤੇ ਕੀ ਬੀਤੇਗੀ! ਜੇ ਪਹਿਲੀ ਡੋਡੀ ਝੜ ਜਾਵੇ।
ਮਨ ਦੀਆਂ ਪੀੜਾਂ ਹੋਣ ਸਵਾਈਆਂ, ਨਾ ਸਮਝੇ ਸਮਝਾਇਆ,
ਜੀਵਨ ਦੇਵਣ ਲੈਵਣ ਵਾਲੇ, ਇਹ ਕੀ ਖੇਲ ਬਣਾਇਆ!

ਖ਼ੁਸ਼ੀ, ਬਣਨ ਤੋਂ ਪਹਿਲਾਂ ਮਿਟ ਗਈ, ਬਣਦੀ ਬਣਦੀ ਆਸਾ,
ਇਕ ਅਭਾਗਾ ਹੰਸ ਰਿਹਾ ਹੈ, ਸਰਵਰ ਵਿਚ ਨਿਰਾਸਾ।
ਜਦ ਇਕ ਬੂੰਦ ਸੀ ਮੋਤੀ ਬਣਨਾ, ਉਹ ਵੇਲਾ ਨਾ ਆਇਆ।
ਜੀਵਨ ਦੇਵਣ ਲੈਵਣ ਵਾਲੇ, ਇਹ ਕੀ ਖੇਲ ਬਣਾਇਆ!

ਸ਼ਖ਼ਸੀਅਤ ਦੀ ਕੀ ਅਸਲੀਅਤ? ਕੋਈ ਆਣ ਸੁਣਾਵੇ,
ਕਿਸ ਦੀ ਨਿਅਮਤ, ਦੌਲਤ, ਤਾਕਤ? ਕੋਈ ਤੇ ਦੱਸ ਜਾਵੇ!
ਕਿਸ ਵੇਲੇ ਤੋਂ, ਕਿਸ ਦਾ, ਕੀ, ਕਿਸ ਨਾਲ ਸੰਬੰਧ ਬਣਾਇਆ?
ਜੀਵਨ ਦੇਵਣ ਲੈਵਣ ਵਾਲੇ, ਇਹ ਕੀ ਖੇਲ ਬਣਾਇਆ!

ਜੀਵਨ ਦੇਵਣ ਲੈਵਣ ਵਾਲੇ, ਇਹ ਕੀ ਖੇਲ ਬਣਾਇਆ!
ਮਨ ਬੈਰਾਗੀ, ਸੁੰਨ-ਮੰਡਲਿ ਘਰ ਪਾਇਆ।

---

1 ਕੈਨੇਡਾ ਵਿਚ ਕਾਨੂੰਨ ਹੈ ਕਿ ਬੱਚਾ ਭਾਵੇਂ ਮਰਿਆ ਹੋਇਆ ਪੈਦਾ ਹੋਵੇ, ਉਸ ਦਾ ਨਾਮ ਜ਼ਰੂਰ ਰੱਖਣਾ ਪੈਂਦਾ ਹੈ।

↑ ਤਤਕਰਾ ↑

## ਬਨਾਮ ਬੇਨਾਮ – 1

ਮੁੱਦਤ ਬਾਅਦ ਵੀ ਅਕਸਰ ਹੀ ਇਹ ਮਹਿਸੂਸ ਕਰਦਾ ਹਾਂ,
ਕਿ ਮੇਰੇ ਕੋਲ ਲੈ ਆਈਆਂ ਤੈਨੂੰ, ਮਦਹੋਸ਼ੀਆਂ  ਮੇਰੀ।
ਕਦੋਂ ਰਸਮਾਂ ਦੀ ਪਰਵਾ ਛੱਡ ਕੇ ਤੂੰ ਕੋਲ ਰਹਿ ਜਾਵੇਂ?
ਤਰਲੇ ਲੈ ਲੈ ਤੈਨੂੰ ਪੁੱਛਦੀਆਂ, ਖ਼ਾਮੋਸ਼ੀਆਂ ਮੇਰੀ।

ਹੁਣੇ ਮੈਂ ਤੈਨੂੰ ਆਉਂਦੇ ਦੇਖਿਆ,ਉੱਠਿਆ, ਤਾਂ ਕੁਝ ਨਾ ਸੀ,
ਮੈਨੂੰ ਤੇਰੇ ਖ਼ਿਆਲਾਂ ਨੇ  ਭੁਲੇਖਾ ਇਸ ਤਰ੍ਹਾਂ ਲਾਇਆ।
ਤੂੰ ਮੈਥੋਂ ਦੂਰ ਏਂ, ਫਿਰ ਭੀ ਤੇਰੇ ਸਾਹਾਂ ਦੀ ਖ਼ੁਸ਼ਬੋ ਨੇ,
ਇਨ੍ਹਾਂ ਮਦਹੋਸ਼ ਘੜੀਆਂ ਦਾ, ਚੌਗਿਰਦਾ ਆਣ ਮਹਿਕਾਇਆ।

ਅਜੇ ਤਕ ਯਾਦ ਹੈ ਮੈਨੂੰ, ਕਿ ਸਾਵਣ ਦਾ ਮਹੀਨਾ ਸੀ,
ਅਚਾਨਕ ਮੇਰੇ ਆ ਜਾਵਣ ‘ਤੇ, ਤੇਰਾ ਥਰਥਰਾ ਜਾਣਾ।
ਥ੍ਰਮਲੇ ਉਹਲੇ ਹੋ ਕੇ, ਛੁਪ ਕੇ, ਚੋਰੀ ਦੇਖਣਾ ਤੇਰਾ
ਤੇ ਫਿਰ ਸ਼ਰਮਾ ਕੇ, ਨੀਵੀਂ ਪਾ ਕੇ, ਥੁਹੜਾ ਮੁਸਕਰਾ ਜਾਣਾ।

ਤੇਰੇ ਨੈਣਾ ਦੇ ਵਿਚ ਤੇਰੀ ਸ਼ਖ਼ਸੀਅਤ ਲੁਕੀ ਹੋਈ,
ਇਨ੍ਹਾਂ ‘ਚੋਂ ਦਿਲ ਦੀ ਹਾਲਤ, ਅਕਸ ਬਣ ਕੇ ਸਾਹਮਣੇ ਆਈ।
ਤੇਰੀ ਸੱਚੀ ਮੁਹੱਬਤ ਦਾ ਕੋਈ ਸੰਦੇਸ਼ ਲੱਗਦਾ ਸੀ,
ਤੇਰੇ ਨੈਣਾ ਦਾ ਸ਼ਰਮਾਣਾ, ਤੇਰੇ ਨੈਣਾ ਦੀ ਗਹਿਰਾਈ।

ਤੇਰੀ ਹਰ ਤੱਕਣੀ ਵਿਚ ਮੇਰੇ ਲਈ ਕੁਝ ਪਿਆਰ ਲੱਗਦਾ ਸੀ,
ਤੇਰੇ ਹਰ ਬੋਲ ਵਿਚੋਂ ਸਾਥ ਦਾ ਇਕਰਾਰ ਸੁਣਦਾ ਸੀ।
ਤੇਰੀ ਹਰ ਇਕ ਅਦਾ ਹੀ ਮੇਰੇ ਦਿਲ ਨੂੰ ਚੰਗੀ ਲਗਦੀ ਸੀ,
ਸੁਫ਼ਨਿਆਂ ਵਿਚ ਵੀ ਮੈਂ ਖ਼ੁਸ਼ੀਆਂ ਦੀ ਝਣਕਾਰ ਸੁਣਦਾ ਸੀ।

ਇਕ ਦਿਨ ਮੇਰੇ ਲਾਗੇ ਆਣ ਕੇ, ਬਿਜਲੀ ਸੀ ਇਓਂ ਕੜਕੀ,
ਉਹਨੇ, ਅਣਭੋਲ ਬੈਠੇ ਦਾ, ਮੇਰਾ ਤਨ ਮਨ ਹਿਲਾ ਦਿੱਤਾ।
ਤੇ ਮੈਂ ਦੇਖਿਆ, ਕਿ ਤੈਨੂੰ ਵੀ ਰੋਂਦੀ  ਕੁ ‘ਲਾਂਦੀ  ਨੂੰ,
ਕਿਸੇ ਅਨਜਾਣ ਦੀ ਡੋਲੀ ਦੇ ਵਿਚ, ਜੋਰੀਂ ਬਿਠਾ ਦਿੱਤਾ।

ਤੂੰ ਮੈਨੂੰ ਯੋਗ ਸਮਝਿਆ ਸੀ ਤੇ ਮੈਂ ਤੈਨੂੰ ਸਮਝਦਾ ਸਾਂ,
ਕੋਈ ਦੱਸੇ ਜ਼ਰਾ! ਕਿ ਹੋਰ ਕੀ ‘ਸੁਯੋਗ’ ਹੁੰਦਾ ਹੈ!
ਜਦੋਂ ਸ਼ਖ਼ਸੀਅਤਾਂ ਨੂੰ ਛੱਡ ਕੇ, ਕੁਝ ਹੋਰ ਵਿੰਹਦੇ ਨੇ,
ਓਦੋਂ ‘ਸੁਜੋਗ’ ਨਹੀਂ ਮੈਂ ਸਮਝਦਾਂ ‘ਵਿਜੋਗ’ ਹੁੰਦਾ ਹੈ।

↑ ਤਤਕਰਾ ↑

‘ਕਰੇ ਕੋਈ, ਭਰੇ ਕੋਈ’ ਦਾ ਏਥੇ ਰਾਜ ਚੱਲਦਾ ਹੈ,
ਇਹਨੇ, ਇਨਸਾਫ਼ ਦੀ, ਜਜ਼ਬਾਤ ਦੀ ਹਰ ਗੱਲ ਮੁਕਾ ਦਿੱਤੀ।
ਆਪਣੇ ਹੱਕ ਨੂੰ, ਸ਼ਾਇਦ, ਕੋਈ ਕਰਜ਼ਾ ਸਮਝ ਕੇ ਤੂੰ,
ਕਿਸੇ ਦੇ ‘ਦੁੱਧ’ ਦੀ ਤੇ ‘ਫ਼ਰਜ਼’ ਦੀ, ਕੀਮਤ ਚੁਕਾ ਦਿੱਤੀ।

ਭਲਾ ਤੂੰ ਹੀ ਇਹ ਦੱਸ! ਕਿ ਕਿੱਥੋਂ ਦਾ ਇਨਸਾਫ਼ ਹੈ ਏਥੇ?
ਕਿ ਆਪਣਾ, ਚਹੁੰਦੇ ਹੋਏ ਵੀ ਜੋ ਆਪਣਾ ਹੋ ਨਹੀਂ ਸਕਿਆ।
ਤੇਰੇ, ਜਦ ਫਿਰ ਕਦੀ ਨਾ-ਮਿਲਣ ਦਾ ਅਹਿਸਾਸ ਹੁੰਦਾ ਸੀ,
ਮੈਂ ਰੋਣਾ ਚਹੁੰਦਾ ਸੀ, ਪਰ ਮਰਦ ਕਰਕੇ, ਰੋ ਨਹੀਂ ਸਕਿਆ।

ਮੁਹੱਬਤ ਦੀ ਗਲੀ ਵਿਚ ਸਿਰ ਤਲੀ ‘ਤੇ ਵੀ ਮੈਂ ਧਰ ਲੈਂਦਾ,
ਜੇ ਮੈਂ ਇਹ ਜਾਣਦਾ ਕਿ ਇਹਦੇ ਲਈ ਤੱਯਾਰ ਤੂੰ ਵੀ ਏਂ।
ਦਵਾਈ ਜਾਣ ਕੇ, ਦੋਹਾਂ ਲਈ ਮਹੁਰਾ ਵੀ ਮੈਂ ਲੈ ਆਉਂਦਾ,
ਜੇ ਮੈਂ ਜਾਣਦਾ, ਕਿ ‘ਇਸ਼ਕ’ ਦੀ ਬੀਮਾਰ ਤੂੰ ਵੀ ਏਂ।

ਪਰ, ਮੈਂ ਤੇਰੇ ਵੱਲੋਂ ਕਾਫ਼ੀ ਅਰਸਾ, ਕੁਝ ਨਹੀਂ ਸੁਣਿਆਂ,
ਮੈਂ ਕੀ ਆਖਾਂ ਇਹਨੂੰ, ‘ਤੇਰੀ ਖ਼ੁਸ਼ੀ’ ਜਾਂ ‘ਬੇਬਸੀ’ ਕੋਈ।
ਮੈਂ ਹਾਲੇ ਤੱਕ ਵੀ, ਓਸੇ ਥਾਂ ‘ਤੇ ਹਰ ਇਕ ਸਾਲ ਜਾਂਦਾ ਹਾਂ,
ਉਹ ਥਾਂ, ਜਿੱਥੇ ਅਖ਼ੀਰੀ ਵਾਰ, ਮੈਥੋਂ ਤੂੰ ਜੁਦਾ ਹੋਈ।

ਮੈਂ ਤੇਰੇ ਪਿਆਰ ਵਿਚ, ਹਾਲੇ ਵੀ ਓਵੇਂ ਗੀਤ ਲਿਖਦਾ ਹਾਂ,
ਤੇ ਚਹੁੰਦਾ ਹਾਂ, ਇਨ੍ਹਾਂ ਨੂੰ ਗੁਣਗੁਣਾ ਦੇਵੇਂ, ਤੂੰ ਫਿਰ ਆਕੇ।
ਕਦੀ ਤੂੰ ਇਕ ‘ਬਿਰਹਣ’ ਦੀ, ਕੋਈ ‘ਵੇਦਨ’ ਸੁਣਾਈ ਸੀ,
‘ਆਪਣਾ ਨਾਮ ਲੈ ਕੇ’ ਹੁਣ, ਸੁਣਾ ਦੇਵੇਂ, ਤੂੰ ਫਿਰ ਆ ਕੇ।

ਹਾਂ ਸੱਚ, ਉਹ ਨਿਸ਼ਾਨੀ ਪਿਆਰ ਦੀ, ‘ਛੱਲਾ’ ਜੋ ਪਾਇਆ ਸੀ,
ਤੂੰ ਮੈਨੂੰ ਜਿੱਥੇ ਦਿੱਤਾ ਸੀ, ਮੈਂ ਓਥੇ ਹੀ ਦਬਾ ਦਿੱਤਾ;
ਅਤੇ ਜੋ ਮਹਿਲ ਖ਼ਵਾਬਾਂ ਦਾ, ਬਣਾਇਆ ਸੀ, ਸਜਾਇਆ ਸੀ,
ਤੇਰੇ ਬਿਨ ਜੋ ਨਾ ਖੁੱਲ੍ਹੇ, ਉਸ ਨੂੰ ਉਹ ਜਿੰਦਰਾਂ ਲਗਾ ਦਿੱਤਾ।

ਕਦੀ ਜਦ ਡੂੰਘੀਆਂ ਰਾਤਾਂ ਨੂੰ, ‘ਇਕ ਆਵਾਜ਼’ ਆ ਜਾਵੇ,
ਤਾਂ ਇਹ ਕਮ-ਬਖ਼ਤ ਦਿਲ, ਉੱਠ ਕੇ ਉਹਦੇ ਪਿੱਛੇ ਚਲਾ ਜਾਵੇ।
ਕਦੀ ਬਿਸਤਰ ‘ਤੇ ਪੈ, ਇਹ ਰੁੱਸੀਆਂ ਨੀਂਦਾਂ ਮਨਾਉਂਦਾ ਹੈ,
ਕਦੀ ਇਹ ਬਾਹਰਲੇ ਬੂਹੇ ‘ਤੇ ਬਹਿ ਕੇ ਔਂਸੀਆਂ ਪਾਵੇ।

↑ ਤਤਕਰਾ ↑

ਮੈਂ ਦਿਲ ਸਮਝਾਉਣ ਲਈ ਅਕਸਰ ਹੀ ਇਹ ਵੀ ਸੋਚਦਾ ਰਹਿਨਾਂ,
ਕਿ ਦੂਜੇ ਦੀ ਖ਼ੁਸ਼ੀ, ਅਪਨਾਉਣ ਦਾ ਨਾਂ ਹੀ, ਮੁਹੱਬਤ ਹੈ।
ਕਿਸੇ ਦੇ ਰੂਪ, ਰੰਗ, ਜਜ਼ਬਾਤ ਦੇ ਮਾਲਿਕ ਬਣੇ ਰਹਿਣਾ,
ਕਿਸੇ ਪੰਛੀ ਨੂੰ ਪਿੰਜਰੇ ਪਾਉਣ ਦਾ ਨਾਂ ਹੀ, ਮੁਹੱਬਤ ਹੈ।

'ਅਕਲ' ਦਾ ਤੇ 'ਮੁਹੱਬਤ' ਦਾ, ਕਦੇ ਵੀ ਮੇਲ ਨਹੀਂ ਹੁੰਦਾ,
'ਮੁਹੱਬਤ' ਸ਼ਖ਼ਸ ਨੂੰ, ਜਜ਼ਬਾਤ ਦੇ ਘੋੜੀਂ ਚੜ੍ਹਾ ਦੇਵੇ।
ਜਵਾਨੀ ਦੀ ਗਰਮ-ਜੋਸ਼ੀ ਨੂੰ, ਇਹ ਗੁਮਰਾਹ ਕਰ ਦੇਵੇ,
ਕਿਸੇ 'ਸੱਸੀ' ਨੂੰ ਇਹ ਸਾੜੇ, ਕੋਈ 'ਸੋਹਣੀ' ਰੁੜ੍ਹਾ ਦੇਵੇ।

'ਅਕਲ' ਦਾ ਤੇ 'ਮੁਹੱਬਤ' ਦਾ, ਕਦੇ ਵੀ ਮੇਲ ਨਹੀਂ ਹੁੰਦਾ,
'ਮੁਹੱਬਤ' ਸ਼ਖ਼ਸ ਨੂੰ, ਜਜ਼ਬਾਤ ਦੇ ਘੋੜੀਂ ਚੜ੍ਹਾ ਦੇਵੇ।
ਜਵਾਨੀ ਦੀ ਗਰਮ-ਜੋਸ਼ੀ ਨੂੰ, ਇਹ ਗੁਮਰਾਹ ਕਰ ਦੇਵੇ,
ਕਿਸੇ 'ਸੱਸੀ' ਨੂੰ ਇਹ ਸਾੜੇ, ਕੋਈ 'ਸੋਹਣੀ' ਰੁੜ੍ਹਾ ਦੇਵੇ।

ਇਸ ਬੇਖ਼ੌਫ਼ ਦੀ, ਅਣਮੋੜ ਦੀ, ਮੰਜ਼ਿਲ ਨਹੀਂ ਕੋਈ,
'ਭਟਕਣ' ਦੀ ਗਲੀ ਵਿਚ, ਹਰ ਸਮੇਂ ਇਸ ਦੇ ਬਸੇਰੇ ਨੇ।
ਜੀਵਨ ਦੇ ਸਫ਼ਰ 'ਤੇ ਇਹ, ਸਦਾ ਹੀ ਠੋਹਕਰਾਂ ਖਾਵੇ,
'ਮੁਹੱਬਤ ਅੰਨ੍ਹੀਂ ਹੁੰਦੀ ਏ' ਜਾਂ ਇਹਦੇ ਰਾਹ ਹਨੇਰੇ ਨੇ।

ਇਹ ਕੁਝ ਸੋਚ ਕੇ, ਮੈਂ ਇਕ ਨਵੀਂ ਮੰਜ਼ਿਲ ਸੀ ਅਪਣਾਈ,
ਤੇ ਉਸ ਦੇ ਵੱਲ ਨੂੰ, ਚੁੱਪਚਾਪ ਤੁਰਿਆ ਜਾ ਰਿਹਾ ਹਾਂ ਮੈਂ।
ਦਿਲ, ਜੋ ਰਹਿ ਰਹਿ ਪਿੱਛੇ ਮੁੜਨ ਦੀ ਜ਼ਿਦ ਹੈ ਕਰੀ ਜਾਂਦਾ,
'ਇਹਦਾ ਹੀ ਵਾਸਤਾ' ਪਾ ਕੇ, ਇਹਨੂੰ ਸਮਝਾ ਰਿਹਾ ਹਾਂ ਮੈਂ।

ਵੈਸੇ ਕਹਿਣ ਨੂੰ ਤਾਂ ਜ਼ਿੰਦਗੀ ਵਿਚ ਥੋੜ ਨਹੀਂ ਕੋਈ,
ਮਗਰ ਇਕ 'ਵਹਿਮ' ਹੈ ਜਿਹੜਾ ਹਮੇਸ਼ਾ ਮਨ ਦੇ ਵਿਚ ਰਹਿੰਦਾ,
ਕਿ ਇਸ ਜੀਵਨ ਦੀ ਹਾਲਤ ਸ਼ਾਇਦ ਇਸ ਤੋਂ ਚੰਗੀ ਹੀ ਹੁੰਦੀ,
ਜੇ ਤੇਰਾ ਪਿਆਰ ਭਰਿਆ ਸਾਥ ਇਸ ਜੀਵਨ ਦੇ ਵਿਚ ਰਹਿੰਦਾ।

ਇਹ ਤਾਂ ਮੰਨਿਆਂ, ਕਿ 'ਪ੍ਰੀਤ' ਦੇ ਰਸਤੇ ਹਨੇਰੇ ਨੇ,
ਇਹ ਵੀ ਮੰਨਿਆਂ, ਇਹ ਜ਼ਿੰਦਗੀ ਬਰਬਾਦ ਕਰਦੀ ਹੈ।
ਫਿਰ ਵੀ ਤਾਂ, ਇਹ ਹਰ ਇਕ ਧੜਕਦੇ ਦਿਲ ਦੀ ਤਮੰਨਾ ਹੈ,
ਇਹ ਮਿਟ ਜਾਵੇ, ਤਾਂ ਪਿੱਛੋਂ ਇਸ ਨੂੰ ਦੁਨੀਆਂ ਯਾਦ ਕਰਦੀ ਹੈ।

↑ ਤਤਕਰਾ ↑

ਨਹੀਂ ਕੋਈ ਵੀ ਮਜਬੂਰੀ, ਤੂੰ ਭਾਵੇਂ ਆ, ਨਾ-ਆ ਏਥੇ,
ਮਗਰ ਯਾਦਾਂ 'ਚ ਆਪਣਾ ਰੰਗ ਭਰਨੇ ਤੋਂ ਮਨ੍ਹਾਂ ਕਰਦੇ।
ਹੁਣ ਤੇ ਅੱਧ ਵੀ ਲੰਘ ਚੱਲਿਐ, ਤੀਜੇ ਦਹਾਕੇ ਦਾ,
ਤੂੰ ਇਕ ਵਾਰੀ ਤਾਂ ਮੈਨੂੰ ਯਾਦ ਕਰਨੇ ਤੋਂ ਮਨ੍ਹਾਂ ਕਰਦੇ।

ਇਹ ਨਾ ਪੁੱਛ, ਕਿ ਮੈਂ ਹੱਸਦਾ, ਖਿੜਦਾ, ਨਵਿਆਂ ਰਾਹਾਂ 'ਤੇ,
ਦਰਦ ਤੇਰੀ ਜੁਦਾਈ ਦਾ, ਕਿਵੇਂ ਸੀਨੇ 'ਚ ਜਰਦਾ ਹਾਂ।
ਸ਼ਛੋਪੰਜੀ ਦੀ ਹਾਲਤ ਨੇ ਹੈ ਮੈਨੂੰ ਘੇਰਿਆ ਹੋਇਆ,
ਮੁੱਦਤ ਬਾਅਦ ਵੀ ਅਕਸਰ ਹੀ ਇਹ ਮਹਿਸੂਸ ਕਰਦਾ ਹਾਂ।

↑ ਤਤਕਰਾ ↑

## ਬਨਾਮ ਬੇਨਾਮ – 2

ਮੁੱਦਤ ਬਾਅਦ ਵੀ ਅਕਸਰ ਹੀ ਇਹ ਮਹਿਸੂਸ ਕਰਦੀ ਹਾਂ,
ਕਿ ਮੇਰੇ ਕੋਲ, ਇਕੱਲਤਾ ਦੇ ਅੰਦਰ, ਆ ਰਿਹਾ ਕੋਈ।
ਜਿਹੜਾ ਨਾਮ, ਨਾ-ਚਹੁੰਦੇ ਹੋਏ ਵੀ ਮੈਂ ਬਦਲ ਦਿੱਤਾ,
ਉਹੀ ਨਾਮ ਲੈ ਕੇ, ਜਿਸ ਤਰ੍ਹਾਂ ਬੁਲਾ ਰਿਹਾ ਕੋਈ।

ਇਸ ਆਵਾਜ਼ ਦਾ ਜਾਦੂ, ਅਜੇ ਤਕ ਯਾਦ ਹੈ ਮੈਨੂੰ,
ਇਸ ਆਵਾਜ਼ ਦੇ ਵਿਚ, ਸ਼ੋਖ਼ੀਆਂ ਸਨ ਤੇ ਸ਼ਰਾਰਤ ਸੀ।
ਕਿਸੇ ਪਰਬਤ ਦੇ ਵਾਂਗੂੰ ਬੇਧੜਕ ਇਸ ਦਾ ਠਰ੍ਹੱਮਾ ਸੀ,
ਕਿਸੇ ਭੌਰੇ ਦੇ ਵਾਂਗੂੰ ਏਸ ਦੀ ਸੱਚੀ ਮੁਹੱਬਤ ਸੀ।

ਇਸ ਦੇ ਪਿਆਰ ਦੇ ਬੋਲਾਂ, ਮੇਰਾ ਬਚਪਨ ਛੁਡਾ ਦਿੱਤਾ,
ਇਸ ਦੇ ਗੀਤ ਸੁਣ ਕੇ, ਨੈਣਾ ਦੇ ਵਿਚ ਮਸਤੀ ਛਾਈ ਸੀ।
ਜਵਾਨੀ ਜਾਗ ਉੱਠੀ ਅੰਗ ਅੰਗ ਨਸ਼ਿਆ ਗਿਆ ਮੇਰਾ
ਅਤੇ ਸ਼ੀਸ਼ੇ ਤੋਂ ਸ਼ਰਮਾ ਕੇ, ਮੈਂ ਆਪੇ ਮੁਸਕਰਾਈ ਸੀ।

ਨਜ਼ਾਕਤ ਗੰਦਲਾਂ ਵਰਗੀ, ਲਚਕ ਲਗਰਾਂ ਜਿਹੀ ਆਈ,
ਮੌਸਮ, ਕਲੀਆਂ ਤੋਂ ਫੁੱਲ ਬਣਨ ਵਾਲਾ ਆ ਗਿਆ ਜਾਪੇ।
ਕਾਲੀ ਜ਼ੁਲਫ਼, ਨਾਗਣ ਚਿਹਰੇ ਉੱਤੇ ਆਣ ਕੇ ਮੇਲ੍ਹੇ,
ਇਹਨੂੰ ਕੋਈ ਸਪੇਰਾ ਫੜਨ ਵਾਲਾ ਆ ਗਿਆ ਜਾਪੇ।

ਇਹ ਮੇਰੀ ਖ਼ੁਸ਼ਨਸੀਬੀ ਸੀ, ਕਿ ਉਸ ਦਾ ਪਿਆਰ ਮਿਲਿਆ ਸੀ,
ਇਹ ਮੇਰੀ ਖ਼ੁਸ਼ਨਸੀਬੀ ਸੀ, ਮੈਂ ਉਸ ਦੇ ਨਗ਼ਮੇ ਗਾਏ ਸੀ।
ਭਾਵੇਂ 'ਪ੍ਰੀਤ' ਦੇ ਰਾਹੋਂ, ਅਜੇ ਅਨਜਾਣ ਹੀ ਸਾਂ ਮੈਂ,
ਉਹਦੇ ਸੁਫ਼ਨਿਆਂ ਦੇ ਨਾਲ, ਮੈਂ ਸੁਫ਼ਨੇ ਸਜਾਏ ਸੀ।

ਸੁਫ਼ਨਾ ਟੁੱਟਿਆ ਇਕ ਦਿਨ, ਤਾਂ ਕੀ ਦੇਖਦੀ ਹਾਂ ਮੈਂ,
ਕਿ ਅਸਲੀਅਤ ਨੇ ਮੈਨੂੰ ਚੁੱਕ ਕੇ 'ਵੇਦੀ' ਚੜ੍ਹਾ ਦਿੱਤਾ।
ਕਿਸੇ ਅਨਜਾਣ ਨੂੰ ਉਸ ਦਿਨ ਤੋਂ ਮੇਰਾ 'ਰੱਬ' ਕਰ ਦਿੱਤਾ,
ਸਿਰਫ਼ 'ਓਸੇ ਦੀ ਪੂਜਾ' ਦਾ ਸਬਕ, ਮੈਨੂੰ ਪੜ੍ਹਾ ਦਿੱਤਾ।

ਜਿਵੇਂ ਹਰ ਪੰਛੀ, ਪਿੰਜਰੇ ਪੈਣ ਵੇਲੇ ਫੜਫੜਾਉਂਦਾ ਹੈ।
ਓਦੋਂ ਮਜਬੂਰੀਆਂ ਦੇ ਜਾਲ ਵਿਚ ਮੇਰੀ ਉਹ ਹਾਲਤ ਸੀ।
ਭਾਵੇਂ 'ਵਾਰਿਸ' ਦੀ ਆਵਾਜ਼, ਹਰ ਵਿਹੜੇ 'ਚ ਗੂੰਜੀ ਸੀ,
ਪਰ ਓਥੇ ਤਾਂ ਹਾਲੇ ਤਕ ਵੀ, ਉਹੀ ਜਹਾਲਤ ਸੀ।

↑ ਤਤਕਰਾ ↑

ਕੁਝ ਅਗਿਆਨਤਾ ਤੇ ਕੁਝ ਸਮਾਜੀ-ਦੌਰ ਐਸਾ ਸੀ,
ਕਿ ਜਿਸ ਨੇ 'ਦੁੱਧ' ਦਾ ਤੇ ਪਿਆਰ ਦਾ ਵੀ ਮੁੱਲ ਪਾ ਦਿੱਤਾ।
ਕਿਸੇ ਬਾਜ਼ਾਰ ਦੇ ਵਿਚ ਵਿਕ ਗਈ, ਨਿਰਧਨ ਦੀ ਮਜਬੂਰੀ,
ਜਦੋਂ 'ਇਕਰਾਰ' ਤੇ 'ਇਨਕਾਰ' ਦਾ ਵੀ ਮੁੱਲ ਪਾ ਦਿੱਤਾ।

ਮੈਂ 'ਉਸ' ਜਾਨ ਤੋਂ ਪਿਆਰੇ ਦੀ, ਹਰਦਮ ਸੁੱਖ ਰੱਖਣ ਲਈ,
ਜਬਰ ਦੇ ਸਾਹਮਣੇ ਵੀ, ਆਪਣੇ ਸਿਰ ਨੂੰ ਝੁਕਾ ਦਿੱਤਾ।
ਦਿਲ ਦੀ ਤੜਪ ਨੂੰ, ਸਦਾ ਲਈ ਕਾਬੂ ਵਿਚ ਰੱਖਣ ਲਈ,
ਇਸ 'ਤੇ ਸਬਰ ਤੇ ਸੰਤੋਖ ਦਾ ਪੱਥਰ ਟਿਕਾ ਦਿੱਤਾ।

ਕੋਈ ਦੱਸੇ ਜ਼ਰਾ! ਕਿ ਕਿੱਥੋਂ ਦੀ ਇਹ ਅਕਲਮੰਦੀ ਹੈ,
ਕਿਸੇ ਗ਼ੁਲਾਮ ਦੇ ਸਤਿਕਾਰ ਨੂੰ, 'ਸਤਿਕਾਰ' ਕਹਿ ਦੇਣਾ।
ਕਿਸੇ ਜਜ਼ਬਾਤ ਵਿਚ, ਦੂਜੇ ਤੋਂ ਉਸ ਦੀ ਜਾਨ ਮੰਗ ਲੈਣਾ,
ਤੇ ਦੁੱਖ ਦੀ ਗੱਲ, ਕਿ ਜਜ਼ਬਾਤ ਨੂੰ ਵੀ ਪਿਆਰ ਕਹਿ ਦੇਣਾ।

ਕਹਿੰਦੇ ਸਨ, ਕਿ ਚੱਕਰ ਲੈ 'ਪਵਿੱਤਰ ਅੱਗ' ਦੇ ਗਿਰਦੇ,
ਜਵਾਨੀ ਚੜ੍ਹਦੀ ਦੇ, ਪਿਛਲੇ ਗੁਨਾਹ ਸਭ ਰਾਖ਼ ਹੋ ਜਾਂਦੇ।
ਉਹ ਪਲ, ਜੋ ਕਿਸੇ ਦਾ ਸਾਥ ਲੈ ਕੇ 'ਯਾਦ' ਬਣ ਗਏ ਸੀ,
ਉਹ ਪਲ ਯਾਦ ਆ ਕੇ, ਜ਼ਿੰਦਗੀ ਨੂੰ ਫਿਰ ਨਾ ਤੜਪਾਂਦੇ।

ਪਰ, ਖਿਲਰੇ-ਪਲਾਂ ਦੀ, ਫਿਰ ਕੋਈ ਮਹਫ਼ਿਲ ਸਜਾਵਣ ਲਈ,
ਇਹ ਦਿਲ, ਦਰਦ ਦੇ ਤੂਫ਼ਾਨੀ-ਦਰਿਆਵਾਂ ਨੂੰ ਤਰਦਾ ਸੀ।
ਕਿਸੇ ਵਿੱਛੜੇ ਹੋਏ ਨੂੰ, ਯਾਦ ਕਰਨਾ ਵੀ 'ਗੁਨਾਹ' ਹੈ ਤਾਂ,
ਮੈਂ ਇਕਬਾਲ ਕਰਦੀ ਹਾਂ, ਇਹ ਦਿਲ ਅਕਸਰ ਹੀ ਕਰਦਾ ਸੀ।

ਮੈਂ ਕਹਿੰਦੀ ਤਾਂ ਕਿਵੇਂ ਕਹਿੰਦੀ, "ਦਿਲਾ ਮੇਰੇ! ਗੁਨਾਹਗਾਰਾ!!
ਉਸ ਦੀ ਯਾਦ ਦੇ ਵਿਚ ਦੱਸ ਭਲਾ! ਹੁਣ ਰੱਖਿਆ ਏ ਕੀ!"
ਜਦੋਂ 'ਵੇਦੀ' 'ਤੇ, ਉਸ ਨੂੰ ਭੁੱਲ ਜਾਵਣ ਦੀ ਕਸਮ ਖਾਧੀ,
ਇਹ ਦਿਲ ਚੰਦਰਾ ਤਾਂ ਓਸ ਵੇਲੇ ਕੋਲ ਹੀ ਨਾ ਸੀ।

ਮੈਂ ਸੀ ਪਿਆਰ ਦਾ ਬੂਟਾ, ਕਿਸੇ ਦੇ ਬਾਗ 'ਚੋਂ ਪੁੱਟ ਕੇ,
ਕਿਸੇ ਅਨਜਾਣ ਤਾਕਤ ਨੇ, ਨਵੀਂ ਥਾਂ 'ਤੇ ਲਗਾ ਦਿੱਤਾ।
ਜਿਵੇਂ 'ਤੁਲਸੀ' ਦੇ ਬੂਟੇ ਨੂੰ, ਕੋਈ ਵਿਹੜੇ 'ਚ ਲਾਉਂਦਾ ਏ,
ਸਜਾਵਟ ਤੇ ਸਖ਼ਾਵਤ ਲਈ, ਇਹਦੀ ਸ਼ੋਭਾ ਬਣਾ ਦਿੱਤਾ।

↑ ਤਤਕਰਾ ↑

ਇਸ ਘਰ ਦੀ ਸਜਾਵਟ ਲਈ, ਇਸ ਘਰ ਦੀ ਸਕਾਫ਼ਤ ਲਈ,
ਮੈਂ 'ਤੁਲਸੀ ਦੇ ਪੱਤਰਾਂ' ਦਾ ਫ਼ਰਜ਼, ਪੂਰਾ ਨਿਭਾਇਆ ਹੈ।
ਕੋਈ ਆਪਣਾ ਭੁਲਾਇਆ ਹੈ, ਕੋਈ ਆਪਣਾ ਬਣਾਇਆ ਹੈ।
ਕੋਈ ਸੁਫ਼ਨਾ ਮਿਟਾਇਆ ਹੈ, ਅਸਲੀਅਤ ਨੂੰ ਪਾਇਆ ਹੈ।

ਸੁਫ਼ਨੇ, 'ਭਲਕ' ਹੁੰਦੇ ਨੇ, ਹਕੀਕਤ 'ਅੱਜ' ਹੁੰਦੀ ਹੈ,
ਕਿਵੇਂ ਫਿਰ 'ਭਲਕ' ਨੂੰ ਵੀ 'ਅੱਜ' ਦੇ ਵਿਚ ਪਾ ਲਵੇ ਕੋਈ!
ਮਗਰ, ਹਰ 'ਭਲਕ' ਨੇ ਵੀ ਤਾਂ ਅਖ਼ੀਰੀ 'ਅੱਜ' ਬਣਨਾ ਹੈ,
ਹਕੀਕਤ ਜਾਣ ਕੇ ਜੇ ਦਿਲ ਤਾਈਂ ਸਮਝਾ ਲਵੇ ਕੋਈ।

ਸਬਜ਼-ਬਾਗਾਂ ਦੇ ਸੁਫ਼ਨੇ ਦੇਖਣਾ ਵੀ ਤਾਂ ਜ਼ਰੂਰੀ ਹੈ!
ਸੁਫ਼ਨੇ ਹੀ ਅਸਾਂ ਨੂੰ, ਜਿੱਥੇ ਹਾਂ, ਏਥੇ ਲਿਆਏ ਨੇ।
ਸੁਫ਼ਨਿਆਂ ਕਰਕੇ ਹੀ ਅੱਜ ਦੁਨੀਆਂ ਦਾ ਹਰ ਸੁਖ ਅਸਾਡਾ ਹੈ,
ਇਨ੍ਹਾਂ ਨੇ ਹੀ ਅਸਾਂ ਨੂੰ, ਚੰਨ- ਤਾਰੇ ਵੀ ਦਿਖਾਏ ਨੇ।

ਪਰ, ਹਰ ਬਾਗ ਲਈ, ਧਰਤੀ ਤੇ ਮੌਸਮ ਦੀ ਜ਼ਰੂਰਤ ਹੈ,
ਜੇ ਇਹ ਮਿਲ ਜਾਵਣ ਤਾਂ ਫੇਰ ਮਿਹਨਤ ਦੀ ਜ਼ਰੂਰਤ ਹੈ।
ਇਹ ਵੀ ਹੋ ਜਾਏ ਤਾਂ ਇਸ ਨੂੰ ਖਿੜਿਆ ਰਹਿਣ ਦੀ ਖ਼ਾਤਰ,
ਕੁਦਰਤ ਦੀ ਵਡਮੁੱਲੀ ਰਹਿਮਤ ਦੀ ਜ਼ਰੂਰਤ ਹੈ।

ਮੇਰੇ ਸੁਫ਼ਨਿਆਂ ਦੇ ਬਾਗ ਲਈ, ਮੌਸਮ ਤਾਂ ਮਿਲਿਆ ਸੀ,
ਐਪਰ 'ਸਮਝ' ਦੀ ਧਰਤੀ ਤਾਂ ਹਾਲੇ ਤਕ ਨਾ ਮੇਰੀ ਸੀ।
ਆਪਣੇ ਪੈਰਾਂ 'ਤੇ ਖੜ੍ਹ ਜਾਣ ਲਈ, ਮਿਹਨਤ ਅਧੂਰੀ ਸੀ,
'ਜ਼ਮਾਨੇ ਦੇ ਗ਼ਲਤ ਵਰਤਾਓ' ਦੀ ਜ਼ਾਲਿਮ ਹਨੇਰੀ ਸੀ।

'ਮੱਧਮ-ਚਾਲ' ਤੁਰਦਾ ਵਕਤ, ਭਾਵੇਂ ਦੂਰ ਲੈ ਆਇਆ,
ਨਕਸ਼, 'ਉਲਫ਼ਤ ਦੇ ਖੰਡਰ ਦੇ' ਨਹੀਂ ਹਾਲੇ ਮਿਟਾ ਸਕਿਆ।
'ਅਣੋਖੀ-ਪੀੜ' ਦੇਂਦਾ ਏ, ਸਫ਼ਰ 'ਗੁੰਮਨਾਮ-ਮੰਜ਼ਿਲ' ਦਾ,
ਜਿਹੜਾ, ਉਮਰ ਭਰ ਚਹੁੰਦੇ ਹੋਏ, ਕੀਤਾ ਨਾ ਜਾ ਸਕਿਆ।

ਮੁੱਦਤ ਹੋ ਗਈ ਏ ਤੁਰਦਿਆਂ, 'ਯਾਦਾਂ ਦੀ ਵਾਦੀ' 'ਚੋਂ,
ਅਜੇ ਤਕ, ਇਸ ਦੀਆਂ ਜੂਹਾਂ ਦਾ ਪੈਂਡਾ ਨਾ ਮੁਕਾ ਸਕੀ।
ਹੁਣ ਤੇ ਨਾਗਣਾ-ਜ਼ੁਲਫ਼ਾਂ ਦੀ ਕਾਲੀ ਕੂੰਜ ਲਹਿ ਚੱਲੀ,
ਇਸ ਆਵਾਜ਼ ਨੂੰ, ਦਿਲ ਤੋਂ ਭੁਲਾਇਆ ਨਾ ਭੁਲਾ ਸਕੀ।

↑ ਤਤਕਰਾ ↑

ਮੇਰੀ ਹਰ ਖ਼ੁਸ਼ੀ ਅੰਦਰ, ਮੇਰੀ ਹਰ ਗ਼ਮੀਂ ਅੰਦਰ,
ਮੇਰੀ ਹਰ ਇਕੱਲਤਾ ਵਿਚ ਵੀ, ਜਿਸ ਨੇ ਬੁਲਾਇਆ ਹੈ,
ਇਸ ਆਵਾਜ਼ ਦਾ ਜਾਦੂ ਤਾਂ ਹਾਲੇ ਤਕ ਵੀ ਕਾਇਮ ਹੈ,
ਇਸ ਆਵਾਜ਼ ਨੇ ਮੈਨੂੰ ਨਵਾਂ ਚਾਨਣ ਦਿਖਾਇਆ ਹੈ।

ਜੀ ਕਰਦਾ ਹੈ, ਇਸ ਚਾਨਣ ਦੀਆਂ ਰਿਸ਼ਮਾਂ ਦੀ ਬਹੁਕਰ ਲੈ,
ਹਰ ਵਿਹੜੇ 'ਚੋਂ ਬੇਬਸੀਆਂ ਦੀ ਕਾਲਖ਼ ਹੂੰਝ ਦੇਵਾਂ ਮੈਂ।
ਕਿਸੇ 'ਕੈਦੋਂ' ਦੀ ਪੱਗ ਤੋਂ ਲੀਰ ਲੈ ਕੇ ਆਪਣੇ ਹੱਥੀਂ,
ਕਿਸੇ 'ਬਿਰਹਣ' ਦੀਆਂ ਅੱਖਾਂ 'ਚੋਂ ਅੱਥਰੂ ਪੂੰਝ ਦੇਵਾਂ ਮੈਂ।

ਦੁਨੀਆਂ ਦੇ ਬਾਜ਼ਾਰਾਂ ਵਿਚ, ਵਿਕੇ ਨਾ ਕੋਈ ਮਜਬੂਰੀ
ਅਤੇ ਵਿੱਦਿਆ ਦੀ ਦੌਲਤ ਤੋਂ ਕੋਈ ਵਾਂਝਾ ਨਾ ਰਹਿ ਜਾਵੇ।
'ਜੀਵਨ ਦੇ ਸਹੀ ਅਰਥਾਂ ਬਿਨਾ' ਕੋਈ 'ਹੀਰ' ਨਾ ਹੋਵੇ,
'ਵਸੀਲੇ' ਦੇ ਧਨੋ ਨਿਰਧਨ, ਕੋਈ 'ਰਾਂਝਾ' ਨਾ ਰਹਿ ਜਾਵੇ।

ਉਹ, ਜੋ ਪ੍ਰੀਤ ਦੇ ਰਾਹਾਂ 'ਚ ਅਕਸਰ ਆਣ ਮਿਲਦੇ ਨੇ,
ਉਨ੍ਹਾਂ ਖ਼ਤਰਿਆਂ ਤੋਂ 'ਏਸ' ਨੂੰ ਵਾਕਫ਼ ਕਰਾਵਾਂਗੀ,
ਆਪਣੇ ਕੀਤੇ ਹੋਏ ਫ਼ੈਸਲੇ 'ਤੇ ਫਿਰ ਨਾ ਪਛਤਾਵੇ,
'ਅਗਲੀ ਪੀੜ੍ਹੀ' ਨੂੰ ਮੈਂ ਏਸ ਦੇ ਕਾਬਿਲ ਬਣਾਵਾਂਗੀ।

ਖ਼ਾਬਾਂ ਦੀ ਕਿਸੇ ਮੱਧਮ ਜਿਹੀ ਤਸਵੀਰ ਦੇ ਅੰਦਰ,
ਚੁਣ ਚੁਣ ਕੇ ਮੈਂ ਗੂੜ੍ਹੇ ਰੰਗ, ਅਸਲੀਅਤ ਦੇ ਭਰਦੀ ਹਾਂ।
ਇਸ ਆਵਾਜ਼ 'ਚੋਂ ਕੋਈ ਸੁਨੇਹਾ ਆ ਰਿਹਾ ਜਾਪੇ,
ਮੁੱਦਤ ਬਾਅਦ ਵੀ ਅਕਸਰ ਹੀ ਇਹ ਮਹਿਸੂਸ ਕਰਦੀ ਹਾਂ।

↑ ਤਤਕਰਾ ↑

# ਬੇਵਫ਼ਾਈ

ਤੇਰੀ ਬੱਚੀ ਨੇ ਅੱਜ ਆਪਣੀ ਨਵੀਂ ਦੁਨੀਆਂ ਵਸਾਈ ਹੈ
ਐ ਮੇਰੇ ਦੋਸਤ! ਇਕ ਅਣਮੋਲ ਸ਼ੈਅ ਅੱਜ ਤੂੰ ਗਵਾਈ ਹੈ।

ਨਾ ਕੋਈ ਰੰਗ ਆਪਣਾ ਹੈ, ਨਾ ਕੋਈ ਢੰਗ ਆਪਣਾ ਹੈ,
ਗਵਾਚੀ ਸੇਧ ਮੰਜ਼ਿਲ ਦੀ, ਕਿਹੜੀ ਥਾਂ 'ਤੇ ਲਿਆਈ ਹੈ!

ਅਕਸਰ ਬੇ-ਸਮਝੀਆਂ ਦੀ ਸਜ਼ਾ, ਲੰਬੀ ਹੀ ਹੁੰਦੀ ਹੈ,
ਅੱਜ ਇਕ ਐਸੀ ਹੀ ਸਜ਼ਾ, ਤੂੰ ਖ਼ੁਦ ਨੂੰ ਖ਼ੁਦ ਸੁਣਾਈ ਹੈ।

ਮੇਰੀ ਗੱਲ ਦਾ ਵਿਸ਼ਾ ਏਥੇ, ਨਾ ਪੂਰਬ ਹੈ ਨਾ ਪੱਛਮ ਹੈ,
ਸਗੋਂ ਦੋਹਾਂ ਹੀ ਕਦਰਾਂ ਨਾਲ ਤੂੰ ਕਿੰਨੀ ਨਿਭਾਈ ਹੈ!

ਕਿਸੇ ਦੂਜੇ ਦੀ ਗ਼ਲਤੀ 'ਤੇ ਨਹੀਂ ਮੈਨੂੰ ਗਿਲਾ ਕੋਈ,
ਭਲਾ ਦੱਸ! ਦੀਪ ਨੇ ਹੀ ਕਿਉਂ ਆਪਣੀ ਲੋਅ ਛੁਪਾਈ ਹੈ!

'ਇਹ ਸ਼ਾਦੀ ਖ਼ਾਨਾ-ਆਬਾਦੀ ਹੋਵੇ' ਹੀ ਆਖ ਸਕਦਾ ਹਾਂ,
'ਮੁਬਾਰਕ' ਕਹਿ ਨਹੀਂ ਸਕਦਾ, ਇਹਦੇ ਵਿਚ ਰੁਸਵਾਈ ਹੈ।

ਓ ਯਾਰਾ! ਬੇਵਫ਼ਾਈ ਹੈ।
ਸਰਾ ਸਰ ਬੇਵਫ਼ਾਈ ਹੈ।

↑ ਤਤਕਰਾ ↑

# ਨਾਂਹ ਦਾ ਮਤਲਬ ਨਾਂਹ

ਪੰਜਾਬ ਵਿਚ ਇਕ ਗੀਤ ਸੁਣਦੇ ਹੁੰਦੇ ਸੀ:

ਜਦ ਮੁੰਡਾ ਫੜ ਲਏ ਬਾਂਹ,
ਅੱਗੋਂ ਕੁੜੀ ਕਹਿ ਦੇਵੇ ਨਾਂਹ,
ਸਮਝੋ ਲੜ ਗਿਆ ਪੇਚਾ।

ਦੁਨੀਆਂ ਭਰ ਦੀਆਂ ਸੱਭਿਅਤਾਵਾਂ ਵਿਚ, ਪਿਆਰ ਜਾਂ ਇਸ਼ਕ ਦਾ ਇਹ ਵੀ ਅੰਦਾਜ਼ ਸੀ। ਹਿੰਦੋਸਤਾਨੀ ਸ਼ਾਇਰੀ ਦਾ ਇਕ ਬਹੁਤ ਵੱਡਾ ਹਿੱਸਾ, ਏਸੇ ਅੰਦਾਜ਼ 'ਤੇ ਆਧਾਰਿਤ ਹੈ।

ਦਸੰਬਰ 1991 ਵਿਚ, ਜਦ ਕੈਨੇਡੀਅਨ ਪਾਰਲੀਮੈਂਟ ਵਿਚ 'ਬਿੱਲ ਸੀ-49 (ਨਾਂਹ ਦਾ ਮਤਲਬ ਨਾਂਹ)' ਪੇਸ਼ ਹੋਇਆ ਤਾਂ ਮੈਂ ਸ਼ਾਇਰੀ ਦੇ ਇਸ ਅੰਦਾਜ਼ ਦਾ ਯੁਗ ਬਦਲਦਾ ਦੇਖਿਆ।

ਇਸ 'ਬਿੱਲ' ਦੇ ਪਾਸ ਹੋਣ ਨਾਲ, ਕੈਨੇਡਾ ਦੁਨੀਆਂ ਵਿਚ ਦੂਸਰਾ ਦੇਸ਼ ਹੋਵੇਗਾ ਜਿੱਥੇ ਇਕ ਪਤੀ ਨੂੰ ਪਤਨੀ ਨਾਲ ਬਲਾਤਕਾਰ ਕਰਨ ਦੇ ਦੋਸ਼ ਵਿਚ ਸਜ਼ਾ ਹੋ ਸਕੇਗੀ ਅਤੇ ਪਤਨੀ ਨੂੰ ਪਤੀ ਨਾਲ।

ਪ੍ਰੀਤਮ ਸਿੰਘ ਧੰਜਲ
ਦਸੰਬਰ 1991

ਜੀ ਆਇਆਂ ਮੇਰੀ ਪਤਨੀ! ਤੂੰ ਮੇਰੇ ਦੇਸ਼ ਆਈ ਏਂ,
ਆਪਣੀ ਆਤਮਾ ਤੇ ਜਿਸਮ ਦੇ ਤੋਫ਼ੇ ਲਿਆਈ ਏਂ।

ਮੈਂ ਇਹ ਦੱਸ ਦਿਆਂ, ਇਕਰਾਰ ਦੇ ਕਾਬਲ ਹਾਂ ਮੈਂ, ਸੱਜਣੀ!
ਸਿਰਫ਼ ਏਨਾ ਹੀ ਨਹੀਂ, ਇਤਬਾਰ ਦੇ ਕਾਬਲ ਹਾਂ ਮੈਂ, ਸੱਜਣੀ!

ਮੈਂ ਤੇਰੇ ਨਾਲ ਇਹ ਇਕਰਾਰ ਕਰਦਾ ਹਾਂ, ਮੇਰੀ ਪਿਆਰੀ!
ਨਿਭਾਵਾਂਗਾ ਵਫ਼ਾ ਹਰ ਹਾਲ, ਆਪਣੀ ਜ਼ਿੰਦਗੀ ਸਾਰੀ।

ਜੀਵਨ ਦੇ ਸਫ਼ਰ 'ਤੇ ਤੁਰਦੇ ਤੁਰਦੇ ਥੱਕ ਵੀ ਜਾਈਦੈ,
ਇੱਕੋ ਕੰਮ ਨੂੰ ਹਰ ਰੋਜ਼ ਕਰਕੇ ਅੱਕ ਵੀ ਜਾਈਦੈ।

ਥਕੇਵੇਂ ਤੇ ਅਕੇਵੇਂ, ਇਕ ਦੂਜੇ ਤੋਂ ਦੂਰ ਕਰ ਜਾਂਦੇ,
ਇਹ, ਕਈ ਸੁਪਨਿਆਂ ਦੇ ਮਹਿਲ ਚਕਨਾ ਚੂਰ ਕਰ ਜਾਂਦੇ।

↑ ਤਤਕਰਾ ↑

ਥਕੇਵੇਂ ਤੇ ਅਕੇਵੇਂ ਤੋਂ ਬਚੇ ਰਹਿਣਾ ਜ਼ਰੂਰੀ ਹੈ,
ਦਿਲ ਦੀ ਹੁੰਮਸ ਨੂੰ ਸੁਣਨਾ ਅਤੇ ਕਹਿਣਾ ਜ਼ਰੂਰੀ ਹੈ।

ਸਮਾਂ ਸੀ, ਜਦ ਕਦੇ ਸ਼ਰਮ-ਔ-ਹਯਾ ਅਣਮੋਲ ਗਹਿਣਾ ਸੀ,
ਜਦੋਂ ਔਰਤ ਦਾ ਸੱਭਿਅਤਾ ਦੇ ਵਿਚ, ਖ਼ਾਮੋਸ਼ ਰਹਿਣਾ ਸੀ।

ਦਿਲ ਦੀ ਗੱਲ, ਚਹੁੰਦੇ ਹੋਏ ਵੀ ਮੂੰਹ ’ਤੇ ਨਾ ਆਉਂਦੀ ਸੀ,
ਔਰਤ, ਪਿਆਰ ਦਾ ਇਜ਼ਹਾਰ ਕਰਨ ਤੋਂ ਵੀ ਲੱਜਾਉਂਦੀ ਸੀ।

ਸ਼ੋਖ਼ੀ ਸੀ, ਸ਼ਰਾਰਤ ਸੀ, ਤੜਪ ਸੀ ਜਾਂ ਖ਼ੁਮਾਰੀ ਸੀ,
ਪਰ ਖ਼ਾਮੋਸ਼-ਮੁਹੱਬਤ ਦੀ ਆਯੂ, ਉਮਰ ਸਾਰੀ ਸੀ।

ਇਜ਼ਹਾਰ-ਏ-ਮੁਹੱਬਤ ਵੱਖ ਵੱਖ ਲਫ਼ਜ਼ਾਂ ‘ਚ, ਕਹਿ ਜਾਣਾ,
ਅਦਾ ਦੇ ਨਾਲ ‘ਨਾਂਹ’ ਜਾਂ ਮੁਸਕਰਾ ਕੇ ‘ਹਾਂ’ ‘ਚ ਕਹਿ ਜਾਣਾ।

ਇਸ਼ਕ ਦਾ, ਆਸ਼ਕੀ ਦਾ, ਸ਼ਾਇਰੀ ਦਾ ਰੰਗ, ਵੱਖਰਾ ਸੀ,
ਕਿਸੇ ਦੀ ਦੀਦ ਦਾ, ਉਮੀਦ ਦਾ ਹਰ ਢੰਗ ਵੱਖਰਾ ਸੀ।

ਉਹ ਸਮਿਆਂ ਦੀ ਨਜ਼ਾਕਤ ਸੀ ਤੇ ਪ੍ਰੀਤਾਂ ਦੀ ਅਦਾਕਾਰੀ,
ਨਹੀਂ ਉਸ ਨੂੰ ਸਮਝ ਸਕਦੀ, ਇਹ ਅੱਜ ਦੀ ਤੇਜ਼-ਰਫ਼ਤਾਰੀ।

ਏਸੇ ਲਈ ਹੀ ‘ਹਾਂ’ ਜਾਂ ‘ਨਾਂਹ’ ਲਈ ਕਾਨੂੰਨ ਹੈ ਏਥੇ,
ਦਿਲ ਦੀ ਗੱਲ, ਸਿੱਧਿਆਂ ਕਹਿਣ ਦਾ ਜਨੂੰਨ ਹੈ ਏਥੇ।

ਏਥੇ ‘ਨਾਂਹ’ ਦਾ ਮਤਲਬ ਸਿਰਫ਼ ਇੱਕੋ, ‘ਨਾਂਹ’ ਹੀ ਹੁੰਦਾ ਹੈ।
ਤੇ ਏਥੇ ‘ਹਾਂ’ ਦਾ ਮਤਲਬ ਸਿਰਫ਼ ਇੱਕੋ, ‘ਹਾਂ’ ਹੀ ਹੁੰਦਾ ਹੈ।

ਸੋ ਆਪਣੀ ‘ਹਾਂ’ ਨੂੰ, ਝੂਠਾ ‘ਨਾਂਹ’ ਦਾ ਲਿਬਾਸ ਨਾ ਪਾਈਂ
ਤੇ ਦਿਲ ਦੀ ਗੱਲ, ਹੋਠਾਂ ‘ਤੇ ਲਿਆਉਣੋ ਤੂੰ ਨਾ ਸ਼ਰਮਾਈਂ।

ਜੀ ਆਇਆਂ ਮੇਰੀ ਪਤਨੀ! ਤੂੰ ਮੇਰੇ ਦੇਸ਼ ਆਈ ਏਂ ... ...

↑ ਤਤਕਰਾ ↑

# ਤੁਲਸੀ ਦੇ ਪੱਤਰ

ਓ ਮਰਜੀਵੜਿਆ!
ਤੂੰ ਤੁਲਸੀ ਦੇ ਪੱਤਰ ਵਾਂਗੂੰ, ਚਾਰ ਚੁਫ਼ੇਰੇ ਮਹਿਕ ਲੁਟਾਵੇਂ,
ਬਣ ਜਾਵੇਂ ਦੁੱਖਾਂ ਦਾ ਦਾਰੂ, ਭਾਵੇਂ ਆਪਣਾ ਆਪ ਮਿਟਾਵੇਂ।

ਪ੍ਰੀਤੀਂ ਖੀਵੜਿਆ!
ਤੇਰਾ ਨਾਤਾ, ਰੂਹ ਦਾ ਨਾਤਾ, ਆਪਣੇ ਆਪ ਨੂੰ ਵੀ ਭੁੱਲ ਜਾਵੇਂ,
ਜਿਸ ਮੰਜ਼ਿਲ ਤਕ ਤੂੰ ਨਾ ਪਹੁੰਚੇਂ, ਓਥੋਂ ਤਕ ਤੂੰ ਪਿਆਰ ਪੁਚਾਵੇਂ।

ਜਗਦੇ ਦੀਵੜਿਆ!
ਕਤਰਾ ਕਤਰਾ ਕਰ ਕੇ ਆਪਣਾ, 'ਨ੍ਹੇਰਿਆਂ ਨੂੰ ਤੂੰ ਖਾਣਾ ਪਾਵੇਂ,
ਭਾਵੇਂ ਤੇਰੇ ਹੇਠ ਹਨੇਰਾ, ਤੂੰ ਲੋਕਾਂ ਨੂੰ ਰਾਹ ਦਿਖਾਵੇਂ।

ਜਗਦੇ ਦੀਵੜਿਆ!
ਪ੍ਰੀਤੀਂ ਖੀਵੜਿਆ!

ਪ੍ਰੀਤੀਂ ਖੀਵੜਿਆ!
ਓ ਮਰਜੀਵੜਿਆ!

↑ ਤਤਕਰਾ ↑

# ਦੁੱਖ ਸਮੁੰਦਰੋਂ ਪਾਰ ਦੇ

ਖ਼ੁਸ਼ੀਆਂ ਜਾਣ ਕੇ ਪੱਲੇ ਪਾਏ, ਨਿੱਕਲੇ ਸਦਮੇ ਪਿਆਰ ਦੇ,
ਵਿਚ ਪਰਦੇਸੀਂ ਦੂਣੇ ਲੱਗਦੇ, ਦੁੱਖ ਸਮੁੰਦਰੋਂ ਪਾਰ ਦੇ।

ਪਹਿਲੀ ਵਾਰੀ ਬਾਬਲ, ਤੈਥੋਂ ਐਸੀ ਲਈ ਵਿਦਾਈ,
ਸੁਰਗਾਂ ਦੀ ਇਸ ਧਰਤੀ ‘ਤੇ ਵੀ, ਕੂੰਜ ਵਾਂਗ ਕੁਰਲਾਈ।
ਦਿਲ ਨੂੰ ਧੀਰਜ ਦੇਵਣ ਵਾਲੀ, ਅੰਮੜੀ ਚੇਤੇ ਆਈ।
ਨਾ ਏਥੇ ਅੰਮਾਂ ਦਾ ਜਾਇਆ, ਨਾ ਅੰਮਾਂ ਦੀ ਜਾਈ।
ਫੁੱਲਾਂ ਨਾਲ ਕੰਡੇ ਵੀ ਸਹਿਣੇ ਪੈਂਦੇ ਏਸ ਬਹਾਰ ਦੇ।
ਵਿਚ ਪਰਦੇਸੀਂ ਦੂਣੇ ਲੱਗਦੇ, ਦੁੱਖ ਸਮੁੰਦਰੋਂ ਪਾਰ ਦੇ।

ਚੜ੍ਹ ਜਾ ਡੋਲੀ, ਭੁੱਲ ਕੇ ਪ੍ਰੀਤਾਂ, ਗ਼ਮ ਲੈ ਕੇ ਵਿਚ ਦਿਲ ਦੇ,
ਨਵੀਆਂ ਪ੍ਰੀਤਾਂ ਪਾ ਲਈਂ ਜਾ ਕੇ, ਕਦ ਕੋਈ ਵਿੱਛੜੇ ਮਿਲਦੇ!
ਜਿਹੜੇ ਰਾਹੀਂ, ਤੂੰ ਚਾਹਿਆ ਸੀ, ਸਾਥੀ ਬਣ ਕੇ ਚਲਦੇ,
ਉਹ ਰਸਤੇ ਅੱਜ ਮੁੱਕ ਗਏ ਨੇ, ਅਧਵਾਟੇ ਮੰਜ਼ਿਲ ਦੇ।

ਯਾਦਾਂ ਦਾ ਅੰਬਾਰ ਬਣਨਗੇ, ਇੱਕ ਟੁੱਟੇ ਇਕਰਾਰ ਦੇ।
ਵਿਚ ਪਰਦੇਸੀਂ ਦੂਣੇ ਲੱਗਦੇ, ਦੁੱਖ ਸਮੁੰਦਰੋਂ ਪਾਰ ਦੇ।

ਮਿਹਨਤ ਕਰਕੇ ਦੋਹਾਂ ਨੇ, ਰਲ਼ ਮਿਲ਼ ਕੇ ਮਹਿਲ ਬਣਾਇਆ,
ਸੌ ਸੌ ਖ਼ੁਸ਼ੀਆਂ ਦੇ ਸੁਫ਼ਨੇ ਲੈ, ਰੀਝਾਂ ਨਾਲ ਸਜਾਇਆ।
ਬੇ-ਸਮਝੀ ਦੀ ਨ੍ਹੇਰੀ ਨੇ, ਉਹ ਪਲ ਵਿਚ ਆਣ ਮਿਟਾਇਆ,
ਹਾਲਾਤ ਦੇ ਚੱਕਰ ਨੇ, ਦੋਹਾਂ ਨੂੰ ਫ਼ਰਜ਼ ਭੁਲਾਇਆ।

ਅੱਜ ਤੋਂ ਹੁਣ ਇਹ ਕੁਝ ਨਹੀਂ ਲੱਗਦੇ, ਆਪਣੇ ਘਰ ਸੰਸਾਰ ਦੇ।
ਵਿਚ ਪਰਦੇਸੀਂ ਦੂਣੇ ਲੱਗਦੇ, ਦੁੱਖ ਸਮੁੰਦਰੋਂ ਪਾਰ ਦੇ।

ਸਮੇਂ ਦੀਆਂ ਲੋੜਾਂ ਦਾ ਸਿੱਟਾ, ਰਿਸ਼ਤੇ ਨਾਤੇ ਸਾਰੇ,
ਇਹ ਜਜ਼ਬਾਤ ਜਾਂ ਅਸਲੀਅਤ ਦੇ ਰੰਗਾਂ ਨਾਲ ਸਵਾਰੇ।
ਇਹ ਫੁੱਲਾਂ ਤੋਂ ਹੌਲੇ ਵੀ ਨੇ ਤੇ ਪੱਥਰਾਂ ਤੋਂ ਭਾਰੇ,
ਇਨ੍ਹਾਂ ਦੀ ਲਾਜ ਬਚਾਵਣ ਵਾਲੇ, ਨਾ ਜਿੱਤੇ ਨਾ ਹਾਰੇ।

ਲੋੜ ਨਾ ਹੋਵੇ ਤਾਂ ਆਪਣੇ ਵੀ, ਆਪਣੇ ਮਨੋ ਵਿਸਾਰਦੇ,
ਵਿਚ ਪਰਦੇਸੀਂ ਦੂਣੇ ਲੱਗਦੇ, ਦੁੱਖ ਸਮੁੰਦਰੋਂ ਪਾਰ ਦੇ।

↑ ਤਤਕਰਾ ↑

ਇਹ ਰਵਾਇਤ ਹੈ ਕਿ ਜਿਸ ਕਲਮ ਨਾਲ 'ਮੌਤ ਦੀ ਸਜ਼ਾ' ਦਾ ਹੁਕਮ ਲਿਖਿਆ ਜਾਂਦਾ ਹੈ, ਉਸ ਨੂੰ ਓਸੇ ਵੇਲੇ ਤੋੜ ਦਿੱਤਾ ਜਾਂਦਾ ਹੈ।

# ਕਲਮ ਨੂੰ

ਐ ਕਲਮ! ਜਦ ਤੈਨੂੰ ਟੁੱਟਦੇ ਦੇਖਿਆ,
ਮਾਨੁੱਖਤਾ ਦੇ ਦਮ ਨੂੰ ਘੁੱਟਦੇ ਦੇਖਿਆ।
ਜੱਗ ਤੋਂ ਪਹਿਲਾਂ ਹੋਈ ਤੇਰੀ ਉਤਪਤੀ,
"ਹਾਥਿ ਕਲੰਮ ਅਗੰਮ ਮਸਤਕਿ ਲੇਖਾਵਤੀ।
ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ,
ਉਰਝਿ ਰਹਿਓ ਸਭ ਸੰਗ ਅਨੂਪ ਰੂਪਾਵਤੀ।"
ਸਭ ਸਿਆਣੇ ਆਖਦੇ ਨੇ ਇਸ ਤਰ੍ਹਾਂ,
"ਧਰਿਆ ਭੁੱਲੇ, ਪਰ ਨਾ ਲਿਖਿਆ ਭੁੱਲਦਾ।"
ਵੇਦਾਂ ਤੋਂ ਲੈ ਕੇ, ਜੋ ਵਿੱਦਿਆ ਤੂੰ ਲਿਖੀ,
ਕੋਈ ਓੜਕ ਨਹੀਂ ਹੈ, ਉਹਦੇ ਮੁੱਲ ਦਾ।

ਰੱਬ ਦੇ ਵਿਸਮਾਦ ਹੁਸਨਾਂ ਦੇ ਲਈ,
ਅੱਖਰਾਂ ਨੂੰ ਲੈ, ਪ੍ਰੋਏ ਹਾਰ ਤੂੰ।
ਜਦ ਇਲਾਹੀ ਬਾਣੀ ਤੈਨੂੰ ਮਿਲ ਗਈ,
ਹਰ ਗਲੀ ਕੂਚੇ 'ਚ, ਵੰਡੇ ਪਿਆਰ ਤੂੰ।

ਦੁਨੀਆਂ ਦੇ ਖੋਜੀ ਮਨੁੱਖ ਦੇ ਵਾਸਤੇ,
ਗਿਆਨ ਤੇਰਾ, ਅਰਸ਼ ਬਣ ਕੇ ਵਿਛ ਗਿਆ,
ਤੇਰੀ ਤਾਕਤ ਤੇ ਸਿਆਣਪ ਸਾਹਮਣੇ,
ਇਹ ਅਰਸ਼ ਵੀ ਫ਼ਰਸ਼ ਬਣ ਕੇ ਵਿਛ ਗਿਆ।

ਜੋ ਵੀ ਤੇਰੇ ਨਾਲ ਪਾਵੇ ਦੋਸਤੀ,
ਚੰਗਾ ਮਾੜਾ ਤੂੰ ਨਹੀਂ ਵਿਚਾਰਦੀ।
ਅਮਰ ਕਰ ਦੇਵੇਂ ਤੂੰ ਉਹਦੇ ਨਾਮ ਨੂੰ,
ਤੈਨੂੰ ਨਹੀਂ ਪਰਵਾਹ ਚੱਜ-ਆਚਾਰ ਦੀ।

ਰਾਤਾਂ ਦੀ ਸਿਆਹੀ ਤੋਂ ਵੀ ਇਕ ਚਮਕ ਲੈ,
ਭੇਟ ਕਰ ਦਿੱਤੀ, ਤੂੰ ਆਪਣੀ ਪ੍ਰੀਤ ਨੂੰ,
ਚੰਨ ਦੇ ਮੱਥੇ ਪਸੀਨਾ ਆ ਗਿਆ,
ਸੁਣ ਕੇ ਤੇਰੇ ਬਿਰਹੜਾ ਦੇ ਗੀਤ ਨੂੰ।

↑ ਤਤਕਰਾ ↑

ਜ਼ੁਲਮ ਦੀ ਨ੍ਹੇਰੀ ਲਿਆਵਣ ਵਾਸਤੇ,
ਜ਼ਾਲਮਾਂ ਦੇ ਜਦ ਇਰਾਦੇ ਮਚਲਦੇ,
ਓਸ ਵੇਲੇ ਉਹਨੂੰ ਰੋਕਣ ਵਾਸਤੇ,
ਗਿਆਨ ਅਤੇ ਜਾਂ ਡਰ, ਇਰਾਦਾ ਬਦਲਦੇ।

ਪੜ੍ਹ ਕੇ, ਜੇ ਇਕ ਸੱਟ ਕਲੇਜੇ ਲੱਗ ਜਾਏ,
ਨਫ਼ਰਤਾਂ ਮਿਟ ਜਾਣ, ਸੁੱਚੇ ਪਿਆਰ ਤੋਂ,
ਐਵੇਂ ਨਹੀਂ ਸੀ ਇਹ ਕਿਸੇ ਨੇ ਆਖਿਆ,
"ਕਲਮ ਤਾਕਤਵਰ ਹੁੰਦੀ ਤਲਵਾਰ ਤੋਂ।"

ਐ ਕਲਮ! ਤੂੰ ਇਕ ਗੱਲ ਇਹ ਜਾਣ ਲੈ,
'ਵੀਰਤਾ ਦੇ ਗੁਣਾਂ ਨੂੰ ਗਾਉਣਾ' ਹੋਰ ਹੈ,
ਆਪਣੇ ਲਾਲਚ, ਆਪਣੀ ਸੋਭਾ ਵਾਸਤੇ,
'ਦੁਸ਼ਮਣੀ ਦੇ ਲਈ ਉਕਸਾਉਣਾ' ਹੋਰ ਹੈ।

ਤੂੰ ਜਦੋਂ 'ਵਾਰਾਂ' ਲਿਖੇਂ, ਉਕਸਾਉਣ ਲਈ,
ਉਹਦੇ ਵਿਚ ਤੂੰ ਨਾਮਣਾ ਨਹੀਂ ਖੱਟਦੀ,
ਆਪਣੇ ਹੱਥੀਂ ਲੈ, ਦੁਸ਼ਮਣ ਤਲਵਾਰ ਨੂੰ,
ਐ ਕਲਮ! ਤੂੰ ਆਪਣੀ ਜੜ੍ਹ ਖ਼ੁਦ ਪੱਟਦੀ।

ਜ਼ੁਲਮ ਦੀ ਤਲਵਾਰ ਨੇ, ਤੈਨੂੰ ਕਦੇ
ਜਿਹਲ ਵਿਚ ਪਾ ਕੇ ਪੀਹਾਈਆਂ ਚੱਕੀਆਂ,
ਤੇ ਕਦੀ, ਤੱਤੀ ਤਵੀ ਤੇ ਸਾੜਿਆ,
ਸਿਰ ਦੇ ਵਿਚ ਵੀ ਪਾਈਆਂ ਰੇਤਾਂ ਤੱਤੀਆਂ।

ਤੇਰੀ ਉਡਾਰੀ ਨੂੰ ਰੋਕਣ ਵਾਸਤੇ,
ਲੱਖ ਮਣਾਂ ਲੋਹਾ ਜ਼ੰਜੀਰਾਂ ਬਣ ਗਿਆ।
ਕੋਈ ਆਪਣੇ ਦੇਸ਼ ਤੋਂ ਕੱਢਿਆ ਗਿਆ,
ਤੇ ਕੋਈ ਸੀ ਗੋਲੀਆਂ ਨਾਲ ਛਣ ਗਿਆ।

ਐ ਕਲਮ! ਜਦ ਤੈਨੂੰ ਟੁੱਟਦੇ ਦੇਖਿਆ,
ਮਾਨੱਖਤਾ ਦੇ ਦਮ ਨੂੰ ਘੁੱਟਦੇ ਦੇਖਿਆ।
ਤੂੰ ਜਦੋਂ ਸ਼ਾਹਾਂ ਦੇ ਵਿਹੜੇ ਜਾ ਵੜੀ,
ਮੈਂ ਤੇਰੀ ਇੱਜ਼ਤ ਨੂੰ ਲੁੱਟਦੇ ਦੇਖਿਆ।

ਐ ਕਲਮ! ਮਾਨੱਖਤਾ ਦੇ ਵਾਸਤੇ,
ਵਾਰ ਦੇਵੀਂ ਸਭ ਕੁਝ, ਜੇ ਪੈ ਜਾਏ ਵਾਰਨਾ,

↑ ਤਤਕਰਾ ↑

ਜਦ ਕਦੀ ਬੇ-ਵੱਸ ਰਹੇਂ ਕੁਝ ਕਰਨ ਤੋਂ,
ਭੁਲੀਂ ਨਾ, ਤੂੰ 'ਹਾਅ ਦਾ ਨਾਅਰਾ ਮਾਰਨਾ'।

ਨਾ ਕਿਸੇ ਸ਼ਮਸ਼ੀਰ ਨੂੰ ਜਗਾਈਂ ਤੂੰ,
ਨਾ ਹੀ ਜ਼ੁਲਮੀਂ ਤੀਰ ਨੂੰ ਜਗਾਈਂ ਤੂੰ,
ਜ਼ੁਲਮ ਨੂੰ ਜੜ੍ਹਾਂ ਤੋਂ ਪੁੱਟਣ ਵਾਸਤੇ,
ਸੁੱਤੀ ਪਈ ਜ਼ਮੀਰ ਨੂੰ ਜਗਾਈ ਤੂੰ।

ਪਿਆਰ ਦੇ ਇਕਰਾਰ ਦਾ, ਸੰਦੇਸ਼ ਦੇ,
ਹੌਸਲਾ ਦੇ ਦੇ, ਝਨਾਵਾਂ ਤਰਨ ਦਾ,
ਜੀਂਦੇ ਜੀਅ, ਜੇਕਰ ਵਸੀਲਾ ਨਾ ਬਣੇ,
ਪਿਆਰ ਲਈ ਜੇ ਮਰਨਾ ਪਏ, ਤਾਂ ਮਰਨ ਦਾ।

ਹਾਸਿਆਂ ਦੇ ਮੀਂਹ ਵਰ੍ਹਾ ਦੇ ਇਸ ਤਰ੍ਹਾਂ,
ਝੋਰਿਆਂ ਦੇ ਸੋਕਿਆ ਦਾ, ਕੰਮ ਕੀ!
ਇੱਕੋ ਹੀ ਤਾਂ ਜ਼ਿੰਦਗੀ ਦਾ ਵਰਕ ਹੈ,
ਹੰਝੂਆਂ ਦੇ ਡ੍ਹੋਕਿਆਂ ਦਾ ਕੰਮ ਕੀ!

ਕਰ ਸ਼ਲਾਘਾ, ਤੂੰ ਕਿਸੇ ਦੇ ਹੁਨਰ ਦੀ,
ਦੇ ਦਲਾਸੇ, ਟੁੱਟਦੀ ਹੋਈ ਧੀਰ ਨੂੰ,
ਲੋਰੀਆਂ ਵਿਚ, ਮਾਂ ਦੀ ਮਮਤਾ ਘੋਲ ਦੇ,
ਘੋੜੀਆਂ ਗਾ, ਘੋੜੀ ਚੜ੍ਹਦੇ ਵੀਰ ਨੂੰ।

ਕਰ ਗਿਲੇ ਸ਼ਿਕਵੇ, ਨਹੋਰੇ ਮਾਰ ਲੈ,
ਰੋਕਾਂ, ਟੋਕਾਂ ਨਾਲ ਵਾਦ-ਵਿਵਾਦ ਕਰ,
ਪਰ ਕਿਸੇ ਦੀ ਜ਼ਾਤੀ ਜ਼ਿੰਦਗੀ ਦੇ ਲਈ,
ਸਾਰਿਆਂ ਦਾ ਵਕਤ ਨਾ ਬਰਬਾਦ ਕਰ।

ਨਖ਼ਰਿਆਂ ਦੇ ਨਾਲ, ਦਿਲ ਪ੍ਰਚਾ ਲਵੀਂ,
ਰੋਸਿਆਂ ਦੀ ਗੱਲ, ਕੋਈ ਨਾ ਕਰੀਂ,
ਰੋਸਿਆਂ ਤੋਂ ਗੱਲ ਵਧੇਗੀ ਦੂਰ ਤਕ,
ਰੋਸਿਆਂ ਨੂੰ ਤੂੰ ਸਦਾ ਪਾਸੇ ਧਰੀਂ।

ਐ ਕਲਮ! ਮੈਂ ਤੇ ਬਸ ਇਹ ਹੀ ਮੰਗਦਾਂ,
ਹੋ ਜਾਏਂ ਉੱਚੀ, ਤੂੰ ਸਭ ਸੰਸਾਰ ਤੋਂ,
ਦੁਨੀਆਂ ਵਿਚ ਤੇਰਾ ਹੀ ਸਿੱਕਾ ਚੱਲ ਪਏ,
ਤੈਨੂੰ ਤਾਕਤਵਰ ਦੇਖਾਂ, ਤਲਵਾਰ ਤੋਂ।

↑ ਤਤਕਰਾ ↑

ਪਰਵਾਸੀਆਂ ਲਈ

# ਧਰਤੀ ਦੀ ਮਹਿਕ

ਤੇਰਾ ਸ਼ਿਕਵਾ, ਕਿ ਮੈਂ ਕਿਵੇਂ ਲਿਖਿਆ?
ਕਿ "ਮੈਨੂੰ ਤੇਰੀਆਂ ਗਲੀਆਂ ਦੀ ਮਹਿਕ ਯਾਦ ਆਈ।"
ਜਿਵੇਂ, ਇਕ ਬੂਟੇ ਦੀ ਹਰ ਸ਼ਾਖ਼ ਦੇ ਕੰਡਿਆਂ ਵਿਚੋਂ,
ਮੈਨੂੰ ਅਣਦਿਸਦੀਆਂ ਕਲੀਆਂ ਦੀ ਮਹਿਕ ਯਾਦ ਆਈ।

ਤੂੰ ਇਹ ਲਿਖਿਆ:

ਕਿ ਇਨ੍ਹਾਂ ਗਲੀਆਂ ਦੀ ਰੌਣਕ ਉੱਤੇ,
ਹਰ ਸਮੇਂ ਮਾਂਦਪਨ ਦੇ ਸਾਏ ਨੇ,
ਇਨ੍ਹਾਂ ਗਲੀਆਂ 'ਚ ਫਿਰ ਰਹੇ ਲੋਕੀ,
ਜਿਵੇਂ ਮੁਰਦਾ ਜਲਾ ਕੇ ਆਏ ਨੇ।

ਰਾਜਨੀਤੀ ਅਤੇ ਧਰਮ ਦੇ ਅੰਨ੍ਹੇ-ਰਹਿਬਰ,
ਮੁਹੱਬਤਾਂ ਨੂੰ ਕਿਵੇਂ ਨਫ਼ਰਤਾਂ 'ਚ ਢਾਲ ਰਹੇ,
ਕਿ ਮੇਰੇ ਦੇਸ਼ ਦੇ ਸਹਿਮੇਂ ਤੇ ਕੁਚਲੇ ਵਾਸੀ,
ਆਪਣੀ ਬੁੱਕਲ 'ਚ, ਗ਼ੈਰਾਂ ਦੇ ਸੱਪ ਪਾਲ ਰਹੇ।

ਤੂੰ ਇਹ ਲਿਖਿਆ ਕਿ ਆਦਮ ਤੋਂ ਲੈ ਕੇ ਅੱਜ ਤਾਈਂ,
ਜ਼ਿੰਦਗਾਨੀ 'ਤੇ ਸਦਾ ਬੇ-ਨਿਆਂਈਂ ਦਾ ਰਾਜ ਰਿਹਾ,
ਇਨਸਾਨੀਅਤ ਸਦਾ ਇਨਸਾਨ ਦੀ ਮੁਹਤਾਜ ਰਹੀ,
ਜਾਬਰ ਤੇ ਜਰਵਾਣੇ ਦੇ ਸਿਰ ਉੱਤੇ ਸਦਾ ਤਾਜ ਰਿਹਾ।

ਏਥੇ, ਸਦੀਆਂ-ਪੁਰਾਣੀ-ਸੋਚ ਦੇ ਪਿੰਜਰੇ ਅੰਦਰ,
ਰਾਜਨੀਤੀ ਅਤੇ ਈਮਾਨ ਦਾ ਦਮ ਘੁਟਦਾ ਹੈ,
ਐਸੇ ਰਾਜਨੀਤੀ ਅਤੇ ਈਮਾਨ ਦੇ ਪਿੰਜਰੇ ਅੰਦਰ,
ਬੇਗੁਨਾਹ, ਬੇਬਸ ਇਨਸਾਨ ਦਾ ਦਮ ਘੁਟਦਾ ਹੈ।

ਪਾਣੀ ਰਿੜਕਦੀ ਪਈ ਸਿਆਸਤ ਦੇ ਲਈ,
ਭਰਾ ਭਰਾ ਵੀ ਝੜਪ ਝੜਪ ਕੇ ਮਰੇ,
ਬੱਸਾਂ, ਗੱਡੀਆਂ 'ਚ ਜਾਂ ਮੁਕਾਬਲੇ ਅੰਦਰ,
ਮੇਰੇ ਵਤਨ ਦੀ ਜਵਾਨੀ ਤੜਪ ਤੜਪ ਕੇ ਮਰੇ।

↑ ਤਤਕਰਾ ↑

ਇਨ੍ਹਾਂ ਸੜ ਰਹੇ ਰੱਖੜੀਆਂ, ਚੂੜਿਆਂ ਤਾਈਂ,
ਕਈ ਉਮਰਾਂ ਦੇ ਹੰਝੂ ਵੀ ਨਹੀਂ ਬੁਝਾ ਸਕਦੇ,
ਜ਼ਿੰਦਗੀ ਗੰਦ ਹੀ ਹੈ, ਬੋ ਹੀ ਹੈ, ਚੀਕ ਹੀ ਹੈ,
ਇਸ ਦੇ ਅਰਥ ਕਦੇ ਮਹਿਕ ਨਹੀਂ ਸਦਾ ਸਕਦੇ।

ਐ ਮੇਰੀ ਦੋਸਤ! ਇਤਹਾਸ ਗਵਾਹ ਹੈ ਸਾਡਾ,
ਕਿ ਭਾਵੇਂ ਬਰਬਾਦੀ ਰੁੱਤ ਬਦਲ ਬਦਲ ਕੇ ਆਉਂਦੀ ਰਹੀ,
ਹਨ੍ਹੇਰਿਆਂ ਤੇ ਤੂਫ਼ਾਨਾਂ ਦੀ ਭਰੀ ਰਾਤ ਮਗਰੋਂ,
ਨਵੀਂ ਸਵੇਰ ਸਦਾ ਮਚਲ ਮਚਲ ਕੇ ਆਉਂਦੀ ਰਹੀ।

ਅਸੀਂ ਹਮਲਾਵਰ ਦੇਖੇ, ਕਤਲ-ਏ-ਆਮ ਦੇਖੇ,
ਸਾਡੇ ਸਾਹਮਣੇ ਇਸ ਦੇਸ਼ ਦੇ ਟੋਟੇ ਹੋਂਦੇ ਰਹੇ,
ਅਸੀਂ ਡਿੱਗਦੇ ਰਹੇ, ਉੱਠਣਾ ਚਹੁੰਦੇ ਰਹੇ,
ਅਸੀਂ ਉਂਠਦੇ ਰਹੇ, ਉੱਠ ਖਲੋਂਦੇ ਰਹੇ।

ਸਮੇਂ ਦੀ ਮੰਗ ’ਤੇ, ਅਸੀਂ ਲਾਲ, ਹਰਾ ਤੇ ਚਿੱਟਾ[1]
ਇਨਕਲਾਬ ਜਾਨਾਂ ਦੇ ਬਦਲੇ ਵੀ ਲੈ ਕੇ ਆਉਂਦੇ ਰਹੇ,
ਅਸੀਂ ਮੇਲਿਆਂ ’ਚ, ਛਿੰਜਾਂ ਤੇ ਭੰਗੜੇ ਪਾਏ,
ਖ਼ੁਸ਼ੀ ਲਿਆਏ ਅਤੇ ਇਸ ਦੇ ਗੀਤ ਗਾਉਂਦੇ ਰਹੇ।

ਸਾਡੀ ਧਰਤੀ ਦੇ ਜ਼ੱਰੇ ਜ਼ੱਰੇ ਅੰਦਰ,
ਸਾਡੇ ਢੋਲੇ ਦੀ, ਮਾਹੀਏ ਦੀ ਤਾਨ ਬਿਖਰੀ ਏ,
ਸਾਡੇ ਝਨਾਂ, ਸਾਡੇ ਵਿਹੜੇ ਤੇ ਬੇਲਿਆਂ ਅੰਦਰ,
ਰਾਂਝਿਆਂ, ਹੀਰਾਂ ਦੀ ਸ਼ਾਨ ਬਿਖਰੀ ਏ।

ਇਹ ਹੜੱਪਾ ਤੇ ਤਕਸ਼ਿਲਾ ਦੇ ਖੰਡਰ ਨਹੀਂ,
ਇਹ ਜੜ੍ਹਾਂ ਨੇ ਸੱਭਿਅਤਾ ਦੇ ਬਾਗ ਦੀਆਂ,
ਇਹ ਵੇਦ, ਰਾਮਾਇਣ ਤੇ ਬਾਣੀ[2] ਦਾ ਕਰਕੇ ਹੀ,
ਰੌਸ਼ਨੀਆਂ ਨੇ ਅੱਜ ਦੁਨੀਆਂ ਦੇ ਚਿਰਾਗ਼ ਦੀਆਂ।

ਇਹ ਸਾਡਾ ਗੌਰਵ ਹੈ ਜੋ ਇਨ੍ਹਾਂ ਗਲੀਆਂ ਵਿਚ ਵਸਿਆ,
ਏਥੇ ਪਰਬਤਾਂ ਨੂੰ ਢਾਉਣ ਵਾਲੇ ਜੇਰੇ ਨੇ,
ਗਲੀਆਂ, ਸੜੀਆਂ ਜ਼ਮੀਰਾਂ ਦੇ ਮਾਲਿਕ ਬੜੇ ਥੁਹੜੇ,
ਭੋਲੇ ਭਾਲੇ ਤੇ ਸਾਦਾ-ਦਿਲ ਬਥੇਰੇ ਨੇ।

↑ ਤਤਕਰਾ ↑

ਐ ਮੇਰੀ ਦੋਸਤ! ਅੱਜ ਪੀੜਾਂ ਦੀ ਸੋਚ ਨਹੀਂ ਕਰਨੀ,
ਸਗੋਂ ਇਲਾਜ ਦਾ ਕੋਈ ਰਾਹ ਪੈਦਾ ਕਰਨਾ,
ਪਿੰਜਰਾ ਤੋੜਨ ਦੀ ਗੱਲ ਫੇਰ ਕਰ ਲਾਂ'ਗੇ,
ਪਹਿਲਾਂ ਉੱਡ ਜਾਣ ਦੀ ਚਾਹ ਪੈਦਾ ਕਰਨਾ।

ਗ਼ਮਾਂ ਤੋਂ ਬਚਣ ਲਈ ਕੋਈ ਵੀ ਫ਼ਿਕਰ ਨਾ ਕਰਨਾ,
ਇਹ ਫ਼ਿਕਰ ਵੀ ਤਾਂ ਉਨ੍ਹਾਂ ਜ਼ਾਲਿਮਾਂ 'ਚ ਸ਼ਾਮਿਲ ਹੈ,
ਇਹ ਉਹ ਦੁਸ਼ਮਣ ਹੈ ਜੋ ਆਪਣੇ ਹੀ ਦਿਲ 'ਚ ਪਲਦਾ ਹੈ,
ਇਹ ਉਹ ਆਪਣਾ ਹੈ ਕਿ ਜੋ ਆਪਣਾ ਹੀ ਕਾਤਿਲ ਹੈ।

ਸੁੱਤੀ-ਜ਼ਮੀਰ ਦੇ ਮਾਲਿਕ ਨੇ ਜ਼ੁਲਮ ਕਰਨਾ ਹੈ,
ਦੋ ਤਰੀਕੇ ਨੇ, ਜਿਨ੍ਹਾਂ ਓਸ ਨੂੰ ਹਟਾ ਦੇਣਾ:
ਉਹਨੂੰ ਡਰਾਉਣਾ ਪਿਆ ਤਾਂ ਉਹ ਵੀ ਕਰ ਲਾਂ'ਗੇ,
ਪਰ ਇਹ ਬਿਹਤਰ ਹੈ, ਜ਼ਮੀਰ ਨੂੰ ਜਗਾ ਦੇਣਾ।

ਜ਼ਿੰਦਗੀ ਗੰਦ ਵੀ ਸਹੀ, ਬੋ ਵੀ ਸਹੀ, ਚੀਕ ਸਹੀ,
ਇਸ ਦਾ ਅਰਥ ਮਹਿਕ ਵੀ ਹੋ ਸਕਦਾ ਹੈ,
ਸਾਡਾ ਵਿਸ਼ਵਾਸ ਜ਼ਰਾ ਅੱਜ ਥੁਹੜਾ ਗੰਧਲਾ ਹੀ ਸਹੀ,
ਇਹੇ ਉਮਰਾਂ ਦੇ ਧੋਣੇ ਵੀ ਧੋ ਸਕਦਾ ਹੈ।

ਤੇਰੇ ਵਰਗੇ ਇਨਸਾਨ ਦੇ ਹਿਰਦੇ ਦੀ ਮਹਿਕ,
ਨਾ ਰਹੀ ਤਾਂ ਇਹ ਗੁਲਜ਼ਾਰ ਉੱਜੜ ਜਾਏਗਾ,
ਆਪਣੀ ਦੋਜ਼ਖ਼ ਬਣੀ ਧਰਤੀ ਦੀ ਮਹਿਕ ਭੁੱਲ ਬੈਠੇ,
ਤਾਂ ਸਾਡਾ ਪਰਵਾਸੀਆਂ ਦਾ ਪਿਆਰ ਉੱਜੜ ਜਾਏਗਾ।

---

1. ਲਾਲ = ਆਜ਼ਾਦੀ, ਹਰਾ = ਅਨਾਜ ਤੇ ਚਿੱਟਾ = ਦੁੱਧ ਵਾਸਤੇ
2. ਰਿਗ ਵੇਦ, ਬਾਲਮੀਕ ਦੀ ਰਾਮਾਇਣ ਅਤੇ ਗੁਰਬਾਣੀ ਪੰਜਾਬ ਨੇ ਦਿੱਤੇ

↑ ਤਤਕਰਾ ↑

## ਸ਼ਹੀਦ

ਸ਼ਹੀਦ[1] ਉਹ ਜੋ ਦੇਸ਼ ਕੌਮ ਲਈ, ਜਾਨ ਦੀ ਬਾਜ਼ੀ ਲਾਵੇ।
ਅਸਹਿ ਤਸੀਹੇ ਜਰਦਾ ਜਰਦਾ, ਸੱਚ ਲਈ ਮਰ ਜਾਵੇ।
ਜਾਂ ਜੋ ਉਮਰਾ ਮਾਨਵਤਾ ਲਈ, ਜਿਹਲਾਂ ਵਿਚ ਲੰਘਾਵੇ,
ਜਾਂ ਅਣਭੋਲ-ਸਮਰਥਕ ਬਣ ਕੇ, ਆਪਣੀ ਜਾਨ ਗਵਾਵੇ।

ਪਰ ਜੋ ਵਿਚ ਜੰਗ ਦੇ ਮਰਦੈ, ਸ਼ਹੀਦ ਨਾ ਆਖੋ ਕੋਈ;
"ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ"[2]।

---

1 ਗੁਰਬਾਣੀ ਵਿਚ, ਜੰਗ ਵਿਚ ਬਹਾਦਰੀ ਨਾਲ ਮਰਨ ਵਾਲੇ ਨੂੰ 'ਸੂਰਬੀਰ' ਆਖਿਆ ਗਿਆ ਹੈ।

2 ਗੁਰੂ ਨਾਨਕ ਦੇਵ ਜੀ, ਆਸਾ ਮਹਲਾ 1, ਗੁਰੂ ਗ੍ਰੰਥ ਸਾਹਿਬ, ਪੰਨਾ 360

↑ ਤਤਕਰਾ ↑

## ਚਾਨਣ ਦੀ ਭਾਲ

ਲੋਕਾ ਵੇ! ਮੈ ਐਸੀ ਮਾਂ ਦਾ ਜਾਇਆ,
ਜਿਸ ਨੇ ਚਾਨਣ ਭਾਲਦਿਆਂ ਉਮਰਾਂ ਦਾ ਸਮਾਂ ਲੰਘਾਇਆ।

ਵਿਚ ਹਨੇਰੇ, ਲਹਿੰਦੇ ਵੱਲ ਨੂੰ, ਪਾ ਲਏ ਇਹਨੇ ਚਾਲੇ,
ਧਰਤੀ ਦੀ ਗਤੀ ‘ਤੇ ਤੁਰਦਿਆਂ, ਪੈ ਗਏ ਪੈਰੀਂ ਛਾਲੇ।
ਮੰਜ਼ਿਲ ਵੱਲ ਨੂੰ ਤੁਰਦੀ ਜਾਵੇ, ਕੋਈ ਪੜਾਓ ਨਾ ਪਾਇਆ।
ਲੋਕਾ ਵੇ! ਮੈ ਐਸੀ ਮਾਂ ਦਾ ਜਾਇਆ,

ਰਾਤ ਦੇ ਰਾਹੀ, ਚੋਰ ਉਚੱਕੇ, ਰਹਿਬਰ ਬਣ ਬਣ ਆਏ,
ਹੌਲੀ ਕਰਕੇ ਪੰਡ ਏਸ ਦੀ, ਹਰ ਕੋਈ ਤੁਰਦਾ ਜਾਏ।
ਨਾ ਚਾਨਣ ਉਹਨਾਂ ਨੂੰ ਲੱਭਾ, ਨਾ ਇਹਦੇ ਹੱਥ ਆਇਆ।
ਲੋਕਾ ਵੇ! ਮੈ ਐਸੀ ਮਾਂ ਦਾ ਜਾਇਆ,

ਜਿੱਥੋਂ ਚੱਲੀ, ਓਥੇ ਖੜੀ ਨੂੰ, ਜਦ ਵੀ ਮੈਂ ਸਮਝਾਵਾਂ,
“ਏਨੀ ਦੇਰ ਤੁਰੀ ਹਾਂ ਪੁੱਤਰ! ਹੁਣ ਪਿੱਛੇ ਕਿਉਂ ਜਾਵਾਂ”!
ਨਾ ਤੇ ਇਸ ਨੇ ਚਾਲ ਹੀ ਬਦਲੀ, ਨਾ ਹੀ ਮੂੰਹ ਭੁਆਇਆ।
ਲੋਕਾ ਵੇ! ਮੈ ਐਸੀ ਮਾਂ ਦਾ ਜਾਇਆ,

ਕਹਿ ਦਿਓ ਜਾ ‘ਚਾਨਣ’ ਨੂੰ, ਨਾ ਹੁਣ ਲੁਕਣ-ਮੀਟੀ ਖੇਡੇ,
ਤੈਨੂੰ ਲੱਭਿਆਂ ਬਿਨ ਨਹੀਂ ਹਟਣੇ, ਦਾਈਏ ਉਮਰਾਂ ਜੇਡੇ।
ਕਹਿੰਦੇ ਨੇ, “ਜੋ ਰੱਬ ਵੱਲ ਤੁਰਿਆ, ਉਹ ਉਹਦੇ ਵੱਲ ਆਇਆ”।
ਲੋਕਾ ਵੇ! ਮੈ ਐਸੀ ਮਾਂ ਦਾ ਜਾਇਆ,

“ਸੇਵਾ ਸੁਰਤ ਰਹਿਸ ਗੁਣ ਗਾਵਾ, ਗੁਰਮੁਖ ਗਿਆਨ ਬੀਚਾਰਾ,
ਖੋਜੀ ਉਪਜੈ, ਬਾਦੀ ਬਿਨਸੈ, ਹਉ ਬਲਿ ਬਲਿ ਗੁਰ ਕਰਤਾਰਾ”।
ਜਿਸ ਨੇ ਵੀ ਹੈ ਖੋਜਿਆ, ਪ੍ਰੀਤਮ! ਓਸੇ ਨੇ ਹੀ ਪਾਇਆ।
ਲੋਕਾ ਵੇ! ਮੈ ਐਸੀ ਮਾਂ ਦਾ ਜਾਇਆ,

↑ ਤਤਕਰਾ ↑

## ਬੰਬਾਰੀ

ਪਾਣੀ ਬਰਸੇ ਸਾਵਣ ਕਹਿੰਦੇ, ਅੱਗ ਬਰਸੇ ਤਾਂ ਕੀ ਆਖਾਂ!

ਇਸ ਧਰਤੀ ਦੇ ਵਿਹੜੇ ਉੱਤੇ ਇਹ ਕੇਹੀ ਰੁੱਤ ਆਈ ਨੀ!
ਅੱਜ ਘਟਾ ਨੇ ਬਾਰਿਸ਼ ਨਹੀਂ, ਬਾਰਿਸ਼ ਨੇ ਘਟਾ ਬਣਾਈ ਨੀ।

ਖੰਭ ਲਗਾ ਕੇ ਬੱਦਲ ਉੱਡੇ, ਹਾਲੇ ਅੱਗ ਪਈ ਵਰ੍ਹਦੀ ਨੀ,
ਸੂਲਾਂ ਤੋਂ ਵੀ ਤਿੱਖੀ ਵਾਛੜ, ਤਨ ਮਨ ਲੀਰਾਂ ਕਰਦੀ ਨੀ।

ਸਿਸਕ ਸਿਸਕ ਕੇ, ਤੜਪ ਤੜਪ ਕੇ, ਮੌਤ ਕਿਸੇ ਨੂੰ ਆਈ ਨੀ,
ਛੈਲ ਛਬੀਲੇ ਗੱਭਰੂਆਂ ਦੀ ਰੂਹ ਮੋਈ ਕੁਰਲਾਈ ਨੀ।

ਮਲਕੁਲ-ਮੌਤ ਨੇ ਡੰਝਾਂ ਲਾਹੀਆਂ, ਗਿਰਝਾਂ ਮੇਲੇ ਲਾਏ ਨੀ,
ਅੰਮ੍ਰਿਤ ਦੇ ਵਣਜਾਰੇ ਫਿਰਦੇ ਗਲੀਓ ਗਲੀ ਤਿਹਾਏ ਨੀ।

ਪਾਣੀ ਬਰਸੇ ਸਾਵਣ ਕਹਿੰਦੇ, ਅੱਗ ਬਰਸੇ ਤਾਂ ਕੀ ਆਖਾਂ!

ਅੱਜ ਕਿਸੇ ਨੇ ਬੰਜਰ ਭੋਂ ਨੂੰ, ਖ਼ੂਨ ਦਾ ਪਾਣੀ ਲਾਇਆ ਨੀ,
ਭੁਖਾਂ ਨੇ ਕਿਲਕਾਰੀ ਮਾਰੀ, ਦੁੱਖਾਂ ਸ਼ੋਰ ਮਚਾਇਆ ਨੀ।

ਟੁੱਟ ਗਈ ਅੱਜ ਪੀਂਘ ਕਿਸੇ ਦੀ, ਕੋਈ ਅਲਾਹਣੀ ਗਾਏ ਨੀ,
ਜਿਸ ਢੋਲੇ ਹੁਣ ਕਦੇ ਨਹੀਂ ਆਉਣਾ, ਯਾਦ ਉਹਦੀ ਤੜਪਾਏ ਨੀ।

ਪਾਣੀ ਬਰਸੇ ਸਾਵਣ ਕਹਿੰਦੇ, ਅੱਗ ਬਰਸੇ ਤਾਂ ਕੀ ਆਖਾਂ!

ਅੱਜ ਬਾਰੂਦ ਨੇ ਚਰਖੇ ਤੋੜੇ, ਜੀਵਨ-ਤੰਦਾਂ ਟੁੱਟੀਆਂ ਨੀ,
ਅੱਜ ਭੈਣਾ ਦੇ ਚੂੜੇ ਭੱਜੇ, ਪੱਤਾਂ ਗਈਆਂ ਲੁੱਟੀਆਂ ਨੀ।

ਸੜਦੇ ਏਸ ਚੌਗਿਰਦੇ ਅੰਦਰ, ਲਾਸ਼ਾਂ ਦੀ ਬੋ ਫੈਲੀ ਨੀ,
ਸੱਭਿਅਤਾ ਦੀ ਚਿੱਟੀ ਚਾਦਰ, ਧੂੰਏਂ ਕੀਤੀ ਮੈਲੀ ਨੀ।

ਜਿਸਮ ਸੜੇ, ਤਾਂ ਸੱਧਰਾਂ ਵਾਲੇ ਦਿਲ ਵੀ ਸੜ ਗਏ ਨਾਲੇ ਨੀ,
ਮਾਰੂਥਲਾਂ 'ਚ ਦੱਸ ਹੁਣ ਕੋਈ ਕੀ ਹਰਿਆਵਲ ਭਾਲੇ ਨੀ!

ਪਾਣੀ ਬਰਸੇ ਸਾਵਣ ਕਹਿੰਦੇ, ਅੱਗ ਬਰਸੇ ਤਾਂ ਕੀ ਆਖਾਂ!

↑ ਤਤਕਰਾ ↑

ਇਸ, ਅੱਗ ਦੇ ਵਗਦੇ ਦਰਿਆ ਵਿਚ, ਟੱਬਰ ਸਾਰਾ ਰੁੜ੍ਹਿਆ ਨੀ,
ਮੌਤ ਦੇ ਪਰਦੇ ਢਕਣ ਵਾਸਤੇ, ਖੱਫਣ ਵੀ ਨਾ ਜੁੜਿਆ ਨੀ।

ਢਿਡੋਂ ਭੁੱਖਾ, ਕੱਖੋਂ ਹੌਲਾ, ਬਹਿ ਕਰਮਾਂ ਨੂੰ ਰੋਇਆ ਨੀ,
ਜੀਣਾ, ਪਹਿਲਾਂ ਹੀ ਮੁਸ਼ਕਿਲ ਸੀ, ਮਰਨਾ ਮੁਸ਼ਕਿਲ ਹੋਇਆ ਨੀ।

ਓਧਰ ਤੁਰ ਗਏ ਅੱਜ ਕਾਫ਼ਲੇ ਜਿੱਧਰ ਗਏ ਨਾ ਮੁੜਦੇ ਨੀ,
ਸ਼ਹਿਰ ਤਾਂ ਥੇਹ ਬਣ ਫਿਰ ਵਸ ਜਾਂਦੇ, ਦਿਲ ਟੁੱਟੇ ਨਾ ਜੁੜਦੇ ਨੀ।

ਅੱਜ ਬੇ-ਦੋਸ਼ਾਂ ਖ਼ੂਨ ਕਿਸੇ ਦਾ, ਧਰਤੀ ਉੱਤੇ ਰੁਲਿਆ ਨੀ,
ਡੁੱਬਦੇ ਸੂਰਜ ਦੀ ਲਾਲੀ ਵਿਚ, ਏਸੇ ਦਾ ਰੰਗ ਘੁਲਿਆ ਨੀ।

ਅੱਜ ਧਰਤੀ ਦੀ, ਅੱਜ ਅੰਬਰ ਦੀ ਆਤਮਾਂ ਜ਼ਖ਼ਮੀਂ ਹੋਈ ਨੀ,
ਬੈਠ ਅਮਨ ਦੀ ਫੂੜ੍ਹੀ ਉੱਤੇ, ਅੱਜ ਮਾਨੁੱਖਤਾ ਰੋਈ ਨੀ।

ਪਾਣੀ ਬਰਸੇ ਸਾਵਣ ਕਹਿੰਦੇ, ਅੱਗ ਬਰਸੇ ਤਾਂ ਕੀ ਆਖਾਂ!

↑ ਤਤਕਰਾ ↑

# ਮੇਰਾ ਮਾਹੌਲ

ਤੇਰਾ ਕਹਿਣਾ, ਕਿ ਏਸ ਮਹਫ਼ਿਲ ਨੂੰ,
ਮੈਂ ਕਿਸੇ 'ਪ੍ਰੀਤ-ਨਗਰ' ਲੈ ਜਾਵਾਂ,
ਮੈਂ ਕਿਸੇ ਹੁਸਨ ਦੀ ਤਾਰੀਫ਼ ਕਰਾਂ,
ਮੈਂ ਕਿਸੇ ਇਸ਼ਕ ਦੇ ਨਗ਼ਮੇਂ ਗਾਵਾਂ।

ਮੈਂ ਕਿਸੇ ਰੰਗਲੀ ਬਹਾਰ ਦੀਆਂ,
ਸ਼ੋਖ਼ ਕਲੀਆਂ ਨੂੰ ਫੁੱਲ ਬਣਾ ਦੇਵਾਂ,
ਕਿਸੇ ਮਦਹੋਸ਼ ਪਿਆਰ ਦੇ ਨਗ਼ਮੇਂ,
ਭੌਰਾ ਬਣ ਕੇ, ਮੈਂ ਗੁਣਗੁਣਾ ਦੇਵਾਂ।

ਜਾਂ ਮੈਂ ਨੈਣਾ ਦੇ ਪਿਆਰ ਦੀ ਮਸਤੀ,
ਦੇ ਦਿਆਂ ਅੱਜ ਦੇ ਮਹਿਮਾਨਾਂ ਨੂੰ,
ਜਾਂ ਕਿਸੇ ਜਾਮ ਵਿਚ ਡੁਬੋ ਦੇਵਾਂ,
ਆਪਣੇ ਹੱਥੀਂ, ਇਨ੍ਹਾਂ ਜਵਾਨਾਂ ਨੂੰ।

ਮੈਂ ਕਵੀ ਹਾਂ ਤੇ ਏਸ ਫ਼ਿਤਰਤ ਦੇ
ਹਰ ਨਜ਼ਾਰੇ ਨੂੰ ਪਿਆਰ ਕਰਦਾ ਹਾਂ
ਅਤੇ ਮਾਨੁੱਖਤਾ ਦੇ ਦਰਦ ਲਈ,
ਆਪਣਾ ਸੁਖ ਵੀ ਨਿਸਾਰ ਕਰਦਾ ਹਾਂ।

ਖ਼ੁਸ਼ ਰਹੇ, ਇਸ਼ਕ-ਔ-ਨਾਜ਼ ਦੀ ਦੁਨੀਆਂ,
ਤੂੰ ਵੀ ਚਹੁੰਦੀ ਏਂ, ਮੈਂ ਵੀ ਚਹੁੰਦਾ ਹਾਂ,
ਘੁੱਘ ਵਸੇ, ਸ਼ੇਅਰ-ਔ-ਸਾਜ਼ ਦੀ ਦੁਨੀਆਂ,
ਤੂੰ ਵੀ ਚਹੁੰਦੀ ਏਂ, ਮੈਂ ਵੀ ਚਹੁੰਦਾ ਹਾਂ।

ਪਰ, ਮੇਰੀ ਦੋਸਤ! ਪਿਆਰ ਦੇ ਕਿੱਸੇ,
ਮੇਰੇ ਅੱਜ ਦੇ ਮਾਹੌਲ ਨੂੰ ਰਾਸ ਨਹੀਂ,
ਇਨ੍ਹਾਂ ਮਾਰੂਥਲਾਂ ਦੇ ਬੱਦਲਾਂ ਤੋਂ,
ਕਿਸੇ ਛਹਿਬਰ ਦੀ ਕੋਈ ਆਸ ਨਹੀਂ।

ਮਸਤੀ ਭਰੇ, ਪਿਆਰ ਦੇ ਨਗ਼ਮੇਂ,
ਬੇਚੈਨ ਦਿਲਾਂ ਨੂੰ ਸੁਲਾ ਜਾਂਦੇ,
ਆਰਜ਼ੀ ਸੁਖ ਤਾਂ ਅੱਜ ਦਿੰਦੇ ਨੇ,
ਕੱਲ੍ਹ, ਗ਼ੁਲਾਮੀ ਦੀ ਬੇੜੀ ਪਾ ਜਾਂਦੇ।

↑ ਤਤਕਰਾ ↑

ਪਿਆਰ ਦੀ ਇੱਛਾ ਬੜੀ ਚੀਜ਼ ਹੈ, ਪਰ,
ਇਹ ਬੇਬਸੀ ਦਾ ਸਹਾਰਾ ਨਹੀਂ ਹੁੰਦੀ,
ਪ੍ਰੀਤ ਇਕ ਵੇਗ ਹੈ, ਰਵਾਨੀ ਹੈ,
ਕਿਸੇ ਡੁੱਬਦੇ ਲਈ ਕਿਨਾਰਾ ਨਹੀਂ ਹੁੰਦੀ।

ਮੇਰੇ ਅੱਜ ਦੇ ਮਾਹੌਲ ਦੇ ਅੰਦਰ,
ਨੌਜਵਾਨੀ 'ਤੇ ਬੜੀਆਂ ਨਜ਼ਰਾਂ ਨੇ,
ਇਕ ਪਾਸੇ ਉਮੀਦ ਤੱਕਦੀ ਹੈ,
ਦੂਜੇ ਪਾਸੇ 'ਤੇ ਕੜੀਆਂ ਨਜ਼ਰਾਂ ਨੇ।

ਮੇਰੇ ਅੱਜ ਦੇ ਮਾਹੌਲ ਦੇ ਅੰਦਰ,
ਦੁਸ਼ਮਣੀਆਂ ਦੀ ਅੱਗ ਬਲਦੀ ਹੈ,
ਕਿਸੇ ਨੂੰ ਆਪਣਾ ਬਨਾਉਣ ਲਈ,
ਨੇਕ-ਨੀਤੀ ਨਹੀਂ, ਗੋਲੀ ਚੱਲਦੀ ਹੈ।

ਮੇਰੇ ਅੱਜ ਦੇ ਮਾਹੌਲ ਦੇ ਅੰਦਰ,
ਗੱਲ ਗੱਲ ਉੱਤੇ ਗ੍ਰਿਫ਼ਤਾਰੀ ਹੈ,
ਨਿੱਤ, ਨਵੇਂ ਢੰਗ ਨਾਲ 'ਨੀਤੀ' ਨੇ,
ਨੌਜਵਾਨੀ ਦੀ ਅਕਲ ਮਾਰੀ ਹੈ।

ਮੇਰੇ ਅੱਜ ਦੇ ਮਾਹੌਲ ਦੇ ਅੰਦਰ,
ਭਰਾ ਭਰਾ ਵੀ ਝੜਪ ਝੜਪ ਕੇ ਮਰੇ,
ਬੱਸਾਂ, ਗੱਡੀਆਂ 'ਚ, ਮੁਕਾਬਲੇ ਅੰਦਰ,
ਮੇਰੇ ਵਤਨ ਦੀ ਜਵਾਨੀ ਤੜਫ ਤੜਪ ਕੇ ਮਰੇ।

ਮੇਰੇ ਅੱਜ ਦੇ ਮਾਹੌਲ ਦੇ ਅੰਦਰ,
ਕੋਈ ਬਾਹਰੋਂ ਮੁੜੇ, ਮੁੜੇ ਨਾ ਮੁੜੇ,
ਜੀਣ ਲਈ ਮਰ ਗਈ ਕਿਸੇ ਜਿੰਦ ਨੂੰ,
ਕੋਈ ਕਫ਼ਨ ਜੁੜੇ, ਜੁੜੇ ਨਾ ਜੁੜੇ।

ਮੇਰੇ ਅੱਜ ਦੇ ਮਾਹੌਲ ਦੇ ਅੰਦਰ,
ਵਫ਼ਾ ਰੋਂਦੀ ਏ, ਗ਼ੈਰਤ ਟੁੰਭਦੀ ਏ,
ਆਪਣੇ ਫ਼ਰਜ਼ੋਂ ਅਵੇਸਲੇ ਹੋ ਕੇ
ਚਿਰ ਤੋਂ ਸੁੱਤੇ ਨੂੰ, ਜੁੱਰਤ ਟੁੰਬਦੀ ਏ।

↑ ਤਤਕਰਾ ↑

ਮੇਰੇ ਅੱਜ ਦੇ ਮਾਹੌਲ ਦੇ ਅੰਦਰ,
ਕੋਈ ਇਸਮਤ ਪਨਾਹ ਮੰਗਦੀ ਹੈ,
ਜਿਸ ਮੁਹੱਬਤ ਦੇ ਮਹਿਲ ਢਹਿ ਗਏ ਨੇ,
ਉਹ ਮੁਹੱਬਤ ਪਨਾਹ ਮੰਗਦੀ ਹੈ।

ਮੇਰੇ ਅੱਜ ਦੇ ਮਾਹੌਲ ਦੇ ਅੰਦਰ,
ਰਾਤਾਂ ਦੇ ਸੁਰਮਈ ਸਵੇਰੇ ਨੇ,
ਦਾਦ ਫ਼ਰਿਆਦ ਕੀ ਕਰੇ ਕੋਈ!
ਉਹ ਹੀ ਰਹਿਬਰ ਨੇ, ਉਹੀ ਲੁਟੇਰੇ ਨੇ।

ਇਹ ਜਿਸ ਦੀ ਲਾਸ਼ ਇੰਜ ਤੜਪਦੀ ਹੈ,
ਭਾਈ-ਚਾਰੇ ਦਾ ਇਹ ਪੁਜਾਰੀ ਸੀ,
ਪੂਰੀ ਮਾਨੁੱਖਤਾ ਦੇ ਹੱਕਾਂ ਲਈ,
ਇਹਦੇ ਬੱਚਿਆਂ ਨੇ ਜਾਨ ਵਾਰੀ ਸੀ।

ਜਿਹੜੇ 'ਜੰਗਲ' ਨੂੰ ਕੱਲ੍ਹ ਸਫ਼ਾ ਕੀਤਾ,
ਓਸੇ ਜੰਗਲ 'ਚੋਂ ਅੱਜ ਗੁਜ਼ਰਨਾ ਹੈ,
ਜਿਨ੍ਹਾਂ ਕੱਲ੍ਹ ਸਭਿਅਤਾ ਉਸਾਰੀ ਸੀ,
ਉਨ੍ਹਾਂ ਕੰਮਾਂ ਨੂੰ ਫੇਰ ਕਰਨਾ ਹੈ।

ਜਿੱਥੇ ਰੂਹ ਨੇ ਆਜ਼ਾਦ ਹੋਣਾ ਹੈ,
ਜਿੱਥੇ ਹਰ ਪਿਆਸ ਲਈ ਟਿਕਾਣਾ ਹੈ,
ਮੈਂ ਅਜੇ 'ਪ੍ਰੀਤ-ਨਗਰ' ਤੋਂ ਪਹਿਲਾਂ,
ਕਿਸੇ ਉਸ 'ਮੁਕਤ-ਸਰ' 'ਤੇ ਜਾਣਾ ਹੈ।

ਮੈਂ ਤੇਰੇ ਨਾਲ ਵਾਅਦਾ ਕਰਦਾ ਹਾਂ,
ਓਧਰੋਂ ਪਰਤ ਕੇ ਜਾਂ ਆਵਾਂਗਾ,
ਸੱਚੇ, ਸੁੱਚੇ ਪਿਆਰ ਦੇ ਨਗ਼ਮੇਂ,
ਜਿੰਨੇ ਆਖੇਂਗੀ, ਮੈਂ ਸੁਣਾਵਾਂਗਾ।

↑ ਤਤਕਰਾ ↑

# ਰਿਸ਼ਤੇ ਨਾਤੇ

ਸਮੇਂ ਦੀਆਂ ਲੋੜਾਂ ਦਾ ਸਿੱਟਾ, ਰਿਸ਼ਤੇ ਨਾਤੇ ਸਾਰੇ,
ਇਹ ਜਜ਼ਬਾਤ ਜਾਂ ਅਸਲੀਅਤ ਦੇ ਰੰਗਾਂ ਨਾਲ ਸਵਾਰੇ।
ਇਹ ਫੁੱਲਾਂ ਤੋਂ ਹੌਲੇ ਵੀ ਨੇ ਤੇ ਪੱਥਰਾਂ ਤੋਂ ਭਾਰੇ,
ਇਨ੍ਹਾਂ ਦੀ ਲਾਜ ਬਚਾਵਣ ਵਾਲੇ, ਨਾ ਜਿੱਤੇ ਨਾ ਹਾਰੇ।

ਲੋੜ ਨਾ ਹੋਵੇ ਤਾਂ ਆਪਣੇ ਵੀ, ਆਪਣੇ ਮਨੋ ਵਿਸਾਰਦੇ,
ਵਿਚ ਪਰਦੇਸੀਂ ਦੂਣੇ ਲੱਗਦੇ, ਦੁੱਖ ਸਮੁੰਦਰੋਂ ਪਾਰ ਦੇ।

↑ ਤਤਕਰਾ ↑

ਜੇ ਮੋਰਚੇ ਲਾਉਣ ਦੀ ਥਾਂ ਗੱਲ ਕਰਨ ਦਾ ਤਰੀਕਾ ਆ ਜਾਵੇ ਤਾਂ ਆਪਣੇ ਹੱਕ ਲੈਣ ਲਈ, ਤਸੀਹੇ ਸਹਿਣ ਤੇ ਜਾਨਾਂ ਵਾਰਨ ਦੀ ਲੋੜ ਨਹੀਂ।

## ਗੋਸ਼ਟੀ

ਆ ਬਈ ਪ੍ਰੀਤਮ! ਆ ਮੈਂ ਆਪਣਾ ਰੰਗ ਦਿਖਾਵਾਂ,
ਅੱਖ ਦੇ ਫੋਰ 'ਚ ਮੈਂ ਘੁੱਗੀ ਨੂੰ ਫੁੰਡ ਲਿਆਵਾਂ।
ਗਿਦੜਾਂ, ਸੂਰਾਂ, ਚਿੜੀਆਂ ਉੱਤੇ ਸ਼ਿਸਤ ਟਿਕਾ ਕੇ,
ਬੜੀ ਮਹਾਰਤ ਕੀਤੀ ਊ, ਤੂੰ ਦੇਖ ਲੈ ਆ ਕੇ।
ਏਦਾਂ ਹੀ ਮੈਂ ਜ਼ਾਲਮ ਹਾਕਮ ਭੁੰਨ ਦਿਆਂਗਾ,
ਹੱਕ ਮਾਰਨ ਵਾਲੇ ਨੂੰ ਫੜ ਕੇ ਤੁੰਨ ਦਿਆਂਗਾ।
ਵੱਡ-ਵਡੇਰਿਆਂ ਲਈ ਆਜ਼ਾਦੀ ਜਾਨ ਲਗਾ ਕੇ,
ਟੱਬਰ-ਟ੍ਰੀਰ ਹੀ ਨਹੀਂ, ਆਪਣਾ ਆਪ ਭੁਲਾ ਕੇ।
ਮੈਨੂੰ ਪੁੱਛ! ਯਤੀਮ ਨੇ ਰੋਲੀ ਕਿੰਜ ਜਵਾਨੀ,
ਆਜ਼ਾਦੀ ਲਈ ਦਿੱਤੀ ਹੈ ਹਰ ਇਕ ਕੁਰਬਾਨੀ।

ਸੁਣ ਓ ਸ਼ੇਰਿਆ! ਅੱਜ ਸ਼ਿਕਾਰ ਨੂੰ ਜਾਣ ਤੋਂ ਪਹਿਲਾਂ,
ਇਸ ਬੰਦੂਕ ਦੇ ਅੰਦਰ ਗੋਲੀਆਂ ਪਾ'ਣ ਤੋਂ ਪਹਿਲਾਂ,
ਇਹ ਵੀ ਸੋਚਿਆ ਹੈ! ਕਿ ਗੋਲੀ ਕੀ ਕਰਦੀ ਹੈ,
ਘੁੱਗੀ ਅੱਖ ਦੇ ਫੋਰ ਦੇ ਵਿਚ, ਕਿਵੇਂ ਮਰਦੀ ਹੈ?
ਜੇ ਤੂੰ ਵੱਡ-ਵਡੇਰਿਆਂ ਵਾਂਗੂੰ ਕਰਨਾ ਚਾਹਵੇਂ,
ਆਜ਼ਾਦੀ ਦੇ ਲਈ ਤੂੰ ਜੀਣਾ, ਮਰਨਾ ਚਾਹਵੇਂ।
ਅਗਲੀ ਨਸਲ ਯਤੀਮ ਕਰਨ ਦੀ ਲੋੜ ਨਹੀਂ ਹੈ,
ਆਜ਼ਾਦੀ ਲਈ ਜੀਅ, ਮਰਨ ਦੀ ਲੋੜ ਨਹੀਂ ਹੈ।

ਏਦਾਂ ਮੇਰੇ ਸਾਹਵੇਂ, ਕੱਲ੍ਹ (1982) ਟਰੂਡੋ ਕੀਤਾ,
ਬ੍ਰਿਟਿਸ਼-ਰਾਜ ਤੋਂ ਉਸਨੇ ਵੀ ਹੱਕ ਆਪਣਾ ਲੀਤਾ।
ਵੱਡ-ਵਡੇਰਿਆਂ ਦੀ ਉਹਨੇ ਨਹੀਂ ਗੱਲ ਭੁਲਾਈ,
ਆਜ਼ਾਦੀ ਲੈ ਲਈ, ਜਾਨ ਨਹੀਂ ਇਕ ਗਵਾਈ।
ਸੁਣ ਓ ਮੱਲਾ! ਗੱਲਾਂ ਦੇ ਵਿਚ ਜ਼ੋਰ ਬੜਾ ਹੈ,
ਜਿਹੜਾ ਗੱਲ ਨਹੀਂ ਕਰ ਸਕਦਾ, ਕਮਜ਼ੋਰ ਬੜਾ ਹੈ।
ਆਪਣੇ ਬੱਚਿਆਂ ਨੂੰ ਏਹੋ ਹੀ ਮੱਤ ਸਿਖਾ ਦੇ,
ਯਤੀਮ ਨਹੀਂ, ਤੂੰ ਇਹਨਾਂ ਨੂੰ ਵਿਦਵਾਨ ਬਣਾ ਦੇ।
ਜਿਹੜੇ ਬਾਗ਼ ਨੂੰ ਮਿਲ ਜਾਂਦਾ ਹੈ ਚੰਗਾ ਮਾਲੀ,
ਓਥੇ ਬੱਲਿਆ! ਰਹਿੰਦੀ ਹੈ ਸਦਾ ਖ਼ੁਸ਼ਹਾਲੀ।

↑ ਤਤਕਰਾ ↑

## ਕੁਝ ਸ਼ਿਅਰ

ਇਨਸਾਨ ਲਈ ਤੇ ਅੱਗ ਲਈ ਹਵਾ ਹੈ ਜ਼ਿੰਦਗੀ,
ਏਸੇ ਲਈ ਤਾਂ ਇਨ੍ਹਾਂ ਦੇ ਭੜਕਣ 'ਚ ਫ਼ਰਕ ਨਹੀਂ।

ਹਰ ਇਕ ਜੀਵ ਲਈ ਵਾਤਾਵਰਣ ਦਾ ਇਕ ਘੇਰਾ ਹੈ,
ਜੇ ਘੇਰਾ ਛੋਟਾ ਹੋ ਜਾਵੇ, ਆਪੇ ਤੋਂ ਬਾਹਰ ਹੋ ਜਾਂਦੈ।

ਖਿੱਲਾਂ ਵਿਚ ਤੇ ਰੋੜਾਂ ਵਿਚ, ਫ਼ਰਕ ਏਨਾ ਹੀ ਹੈ ਪ੍ਰੀਤਮ,
ਕਿ ਅੰਦਰੋਂ ਕੱਚਿਆਂ ਦੀ, ਸੇਕ ਨੇ ਸ਼ਕਲ ਬਦਲ ਦਿੱਤੀ।

ਸੋਚਦਾ ਹਾਂ, ਤੇਰੇ ਤੇ ਜੇ ਮੇਰਾ ਹੱਕ ਹੁੰਦਾ ਕਦੀ,
ਤਾਂ ਕੀ ਫਿਰ ਵੀ ਮੈਂ ਕਿਸੇ ਦੂਜੇ ਦੇ ਬਾਰੇ ਸੋਚਦੀ?

ਹਾਂ, ਮੈਨੂੰ ਮਨਜ਼ੂਰ ਹੈ, ਇਸ਼ਕੇ ਦੀ ਅੱਗ ਵਿਚ ਸੜ ਮਰਾਂ,
ਅੰਤ ਤੋਂ ਪਹਿਲਾਂ, ਕੋਈ ਛਿਨ ਅੱਗ ਨਿੱਘ ਵੀ ਦੇਵੰਦੀ।

ਪਿਆਲਾ ਜ਼ਹਿਰ ਦਾ, ਸੁਕਰਾਤ ਵੀ, ਮੀਰਾਂ ਨੇ ਵੀ ਪੀਤਾ,
ਇਕ ਦੇ ਸਾਹਮਣੇ ਚਾਨਣ ਤੇ ਦੂਜੇ ਦੇ ਹਨੇਰਾ ਸੀ।

ਤੇਰੀ ਮੰਜ਼ਿਲ ਨਾਲ ਜੋ ਤੇਰੇ ਕਦਮ ਨੂੰ ਜੋੜਦੀ,
ਓਸ ਪਗਡੰਡੀ, ਵਿਚਾਰੀ ਬਾਂਝ-ਕੁੱਖ ਨੂੰ ਦੇਖ ਤੂੰ।

ਧਰਮ ਦਾ ਕੰਮ ਹੈ ਇਨਸਾਨ ਨੂੰ ਖ਼ਤਰੇ 'ਚੋਂ ਕੱਢ ਲੈਣਾ,
ਦੱਸ! ਉਹ ਧਰਮ ਹੀ ਕਾਹਦਾ ਜਿਹੜਾ ਖ਼ਤਰੇ 'ਚ ਪੈ ਜਾਵੇ

ਜਿਸ ਮੇਰਾ ਰੁੱਖ ਵੱਢ ਕੇ, ਬੇੜੀ ਬਣਾ ਲਈ ਸੀ,
ਦੇਖੀਂ ਜ਼ਰਾ ਕੁ 'ਪ੍ਰੀਤਮ'! ਡੁੱਬਿਐ ਕਿ ਤਰ ਰਿਹਾ ਹੈ।

ਭਾਵੇਂ ਖ਼ਿਆਲਾਂ ਵਿਚ ਹੀ ਹਰ ਸੁਖ ਨੂੰ ਮਾਣਿਆਂ,
ਪਲ ਦੋ ਪਲਾਂ ਲਈ ਇਹ ਜ਼ਿੰਦਗੀ ਸਵਾਰ ਲਈ।

ਤੂੰ ਤਾਂ ਆਖੇਂ, "ਕੰਡੇ ਕਿਉਂ ਨੇ ਏਥੇ, ਜਿੱਥੇ ਫੁੱਲ ਖਿਲੇ ਨੇ?"
ਪਰ ਇਹ ਵੀ ਤਾਂ ਸੋਚ ਕਿ, ਏਥੇ ਕੰਡਿਆਂ ਨੂੰ ਵੀ ਫੁੱਲ ਮਿਲੇ ਨੇ।

ਜੀਵਨ ਸੌਖਾ ਕਰਨ ਦੇ ਲਈ ਚੇਤਨਾ ਵਿਚ ਸਬੱਬ ਬਣੇ ਨੇ,
ਇਸ ਦਾ ਸਾਥ ਜੋ ਲੈ ਕੇ ਚੱਲੇ, ਰੱਬ ਲੱਭਿਆ ਨਹੀਂ, ਰੱਬ ਬਣੇ ਨੇ।

↑ ਤਤਕਰਾ ↑

ਜਦ ਸਾਡਾ, ਸਾਡੀ ਆਪਣੀ ਹੀ ਸੀਮਾਂ ਦਾ ਡਰ ਮਿਟ ਜਾਵੇਗਾ,
ਤਾਂ ਉਸ ਵੇਲੇ ਹਰ ਇਕ ਜ਼ੱਰਾ, ਸਾਨੂੰ ਸੁੰਦਰ ਨਜ਼ਰ ਆਵੇਗਾ।

ਆਪਣਾ ਦੇਸ਼ ਨਾ ਰੋਜ਼ੀ ਦੇਵੇ, ਬਾਹਰ ਜਾਵੇ ਕੋਈ,
ਜੀਂਦੇ ਹੀ ਪ੍ਰਵਾਸੀ ਦੇ ਘਰ, ਬੀਵੀ ਵਿਧਵਾ ਹੋਈ।

ਜਦ ਸਾਧਨਾ ਦੇ ਰੁੱਖ ’ਤੇ, ਮੁਕਤੀ ਦਾ ਬੂਰ ਆਇਆ,
ਜੀਵਨ ਦੀ ਆਰਜ਼ੂ ਨੇ, ਝੰਬੀ ਹਰੇਕ ਡਾਲੀ।

ਇਕ ਧਰਤੀ, ਇਕ ਮੌਸਮ, ਇਕ ਜੜ੍ਹ, ਇਕ ਸ਼ਾਖ਼ ਹੈ,
ਦੇਖ! ਪਰ ਕਿੰਨਾ ਫ਼ਰਕ ਹੈ, ਫੁੱਲ ਵਿਚ ਤੇ ਖਾਰ ਵਿਚ।

ਜ਼ਿੰਦਗੀ ਜੀਣ ਦੀ ਤਕਲੀਫ਼ ਉਠਾਈ ਰੱਖਣਾ,
ਦੁਖ ਰਹੀ ਨਾੜ ਨੂੰ ਹੱਥਾਂ ‘ਚ ਦਬਾਈ ਰੱਖਣਾ।

ਨਕਸ਼ ਘਰ ਦੇ ਬਣ ਗਏ ਆਦਮੀ ਦੇ ਸਾਹਮਣੇ,
ਦੇਖੇ ਸੀ ਜਦ ਓਸ ਨੇ, ਖੁੱਡਾਂ, ਘੁਰਨੇ, ਆਹਲਣੇ।

ਪੱਥਰਾਂ ਨੂੰ, ਬੂਟਿਆਂ ਨੂੰ, ਪਸ਼ੂਆਂ, ਪਰਿੰਦਿਆਂ ਨੂੰ,
ਖ਼ਤਰਾ ਹੈ ਆਦਮੀ ਤੋਂ, ਪਹਿਲੇ ਬਾਸ਼ਿੰਦਿਆਂ ਨੂੰ।

ਜੀਵਨ-ਸੰਗੀਤ ਸੁਣੀਏਂ, ਹਵਾ ਤੋਂ, ਪਾਣੀਆਂ ਤੋਂ,
ਮੌਸਮ ਨਿਗਲ ਨਾ ਜਾਵੇ, ਇਹਨਾਂ ਸਾਜ਼ਿੰਦਿਆਂ ਨੂੰ।

ਹਰ ਵਕਤ ਖ਼ਿਜ਼ਾ ਏਥੇ, ਹਰ ਵਕਤ ਬਹਾਰਾਂ ਨੇ,
ਦੁਨੀਆਂ ਦੇ ਜਿਹਾ ਕੋਈ ਗੁਲਜ਼ਾਰ ਨਾ ਹੋਣਾ।

‘ਮੁਮਤਾਜ-ਮਹਲ’ ਘੜ ਕੇ, ਮਕਤਲ ਨੂੰ ਜਾ ਰਹੇ!
ਵੱਖਰੇ ਮਿਜ਼ਾਜ ਵਾਲਾ ‘ਸ਼ਾਹੇ-ਜਹਾਨ’ ਦੇਖ!

ਸੇਬ ਖਾਣ ਨੂੰ ਆਖ ਰਹੀ ਏਂ! ਨਾ ਬਈ ਹੁਣ ਨਹੀਂ ਖਾਣਾ,
ਇਕ ਵਾਰੀ ਤੇ ਛੱਡ ਆਇਆ ਹਾਂ ਤੇਰੇ ਕਹੇ ਖ਼ੁਦਾਈ।

ਨਾ ਏਥੇ ਕਲਪ ਹੈ ਕੋਈ ਤੇ ਨਾ ਏਥੇ ਹੁਮਾ ਕੋਈ,
ਮੇਰੇ ਵਰਗ ਵਿਚ ਜਿੰਦਾਂ, ਮੁਸ਼ੱਕਤ ਨਾਲ ਟਕਰਾਈਆਂ।

ਮਿਟ ਤੇ ਗਈਆਂ ਨੇ ਲਕੀਰਾਂ, ਪਰ ਪ੍ਰੀਤਮ!
ਜ਼ਿੰਦਗੀ ਨੂੰ ਦੱਬ ਕੇ ਵਹੁਣਾ ਪਿਆ ਹੈ।

↑ ਤਤਕਰਾ ↑

ਮਜ਼ਾ ਕੁਝ ਹੋਰ ਹੀ ਹੁੰਦੈ, ਜੇ ਥੁਹੜੀ ਪਿਆਸ ਰਹਿ ਜਾਵੇ,
ਦਿਲਕਸ਼ ਹੁੰਦੀਆਂ ਅਕਸਰ, 'ਪ੍ਰੀਤਮ'! ਰੂਹਾਂ ਤਰਿਹਾਈਆਂ।

ਤੂੰ ਲਾਰੇ 'ਤੇ ਬਹਿ ਕੇ ਫੇਰੀ ਜਾ ਮਾਲਾ,
ਮੈਂ ਜੰਨਤ ਸਦਾ ਪੇਸ਼ਗੀ ਮੰਗਦਾ ਹਾਂ।

ਨਾ, ਐਸੇ ਇਤਹਾਸ ਦਾ ਕਰ ਜਾਪ ਨਾ,
ਜਿਸ ਦੇ ਸਫ਼ਿਆਂ ਦੇ ਉੱਤੇ, ਤੂੰ ਆਪ ਨਾ।

ਖ਼ਤਰੇ ਦੇ ਵਿਚ ਬੱਚਿਆਂ ਨੂੰ ਮਾਂ ਨਾ ਛੱਡ ਕੇ ਜਾਏਗੀ,
ਪੰਛੀ ਉੱਡ ਜਾਵੇਗਾ ਕਿਧਰੇ, ਕਿੰਜ ਪਰਾਂ ਨੂੰ ਛੱਡ ਕੇ!

ਆਪਣੇ ਜੀਆ-ਜੰਤ ਲਈ ਸੂਰਜ ਅਧੂਰਾ ਦੇਖ ਕੇ,
ਧਰਤੀ ਆਪਣੇ ਗਿਰਦ ਚੱਕਰ, ਰਾਤ ਦਿਨ ਲਾਉਂਦੀ ਰਹੀ।

ਚੰਗਾ ਵੀ ਹੁੰਦਾ ਹੈ ਜੇਕਰ ਬੱਚਾ ਜ਼ਿਦ ਕਰਦਾ ਹੈ,
ਇਹ ਹੀ ਪ੍ਰਤੀਕਰਮ ਹੈ, ਉਸਨੂੰ ਜੋ ਮਜ਼ਬੂਤ ਬਣਾਵੇ।

ਪੁੱਛਿਆ ਜਦੋਂ ਮੈਂ ਉਸ ਨੂੰ, "ਦੱਸ ਤਾਂ ਇਹ ਜ਼ਿੰਦਗੀ ਕੀ?"
ਤੀਲਾਂ ਦੀ ਡੱਬੀ ਉੱਤੇ ਤੀਲੀ ਘਸਾਈ ਉਸਨੇ।

↑ ਤਤਕਰਾ ↑

## ਪਾਂਧੀ

ਮੇਰੀ ਕਬਰ ’ਤੇ ਬੈਠ ਕੇ ਨਾ ਰੋ ਤੂੰ,
ਹੁਣ ਤਕ ਏਥੇ ਹੀ ਨਹੀਂ ਮੈਂ ਬਹਿਣ ਵਾਲਾ,
ਮੈਨੂੰ ਮੇਰੀ ਪਰਵਾਜ਼ ਨੇ ਸੁਰਗ ਦਿੱਤੇ,
ਮੈਂ ਨਹੀਂ ਏਸ ਉਜਾੜ ਵਿਚ ਰਹਿਣ ਵਾਲਾ।

ਮੈਨੂੰ ਦੇਖਣਾ ਹੈ ਤਾਂ ਦੇਖ ਲੈ ਤੂੰ,
ਕਿਸੇ ਬੱਚੇ ਦੀ ਭੋਲੀ ਮੁਸਕਾਨ ਉੱਤੇ,
ਜਾਂ ਫਿਰ ਦੇਖ ਲੈ ਚੰਦ੍ਰਮਾ ਪੁੰਨਿਆਂ ਦਾ,
ਸੁਹਣੇ ਤਾਰਿਆਂ ਭਰੇ ਅਸਮਾਨ ਉੱਤੇ।

ਕਿਸੇ ਪੱਕੇ ਹੋਏ ਫਲ ਦੀ ਦਿੱਖ ਹਾਂ ਮੈਂ,
ਕਿਸੇ ਚਮਨ ਦੀ ਖਿੜੀ ਬਹਾਰ ਹਾਂ ਮੈਂ,
ਕਿਸੇ ਮਸਤ–ਹੁਲਾਰੇ ਲਈ ਪੀਂਘ ਹਾਂ ਮੈਂ,
ਕਿਸੇ ਸਾਉਣ ਦੀ ਮੱਠੀ ਫੁਹਾਰ ਹਾਂ ਮੈਂ।

ਮੈਂ ਹਾਂ ਪਾਂਧੀ, ਮੈਂ ਮੰਜ਼ਿਲਾਂ ਕੀ ਜਾਣਾ!
ਕਿਸੇ ਥਾਂ, ਮੈਂ ਸਦਾ ਨਹੀਂ ਰਹਿਣ ਵਾਲਾ,
ਮੇਰੀ ਕਬਰ ’ਤੇ ਬੈਠ ਕੇ ਨਾ ਰੋ ਤੂੰ,
‘ਪ੍ਰੀਤਮ’ ਹੁਣ ਤਕ ਏਥੇ ਨਹੀਂ ਬਹਿਣ ਵਾਲਾ।

↑ ਤਤਕਰਾ ↑

## ਐ ਸ਼ਮ੍ਹਾਂ !

ਐ ਸ਼ਮ੍ਹਾਂ! ਰੌਸ਼ਨੀ ਲਈ ਸ਼ੁਕਰੀਆਂ
ਕੁਝ ਪਲਾਂ ਦੀ ਦੋਸਤੀ ਲਈ ਸ਼ੁਕਰੀਆਂ।

ਬਲ ਕੇ ਵੀ ਜੀਣਾ ਕਿਵੇਂ? ਦੱਸੇਂ ਸਦਾ,
ਸਾਥੀਆ ਰਹਿਬਰੀ ਲਈ ਸ਼ੁਕਰੀਆਂ।

ਇਕ ਚਿੰਣਗ ਬਦਲੇ ਤੂੰ ਸਾਰਾ ਘਰ ਭਰੇਂ,
ਐ ਸਖੀ! ਖੁਲ੍ਹ-ਦਿਲੀ ਲਈ ਸ਼ੁਕਰੀਆਂ।

ਹਰ ਹਨੇਰਾ, ਡਰ ਤੇ ਗ਼ਮ ਹੀ ਦੇਵੰਦਾ,
ਰੌਸ਼ਨੀ ਤੋਂ, ਹਰ ਖ਼ੁਸ਼ੀ ਲਈ ਸ਼ੁਕਰੀਆਂ।

ਇਸ ਪਤੰਗੇ, ਉਂਜ ਵੀ ਮਰਨਾ ਤੇ ਸੀ,
ਸ਼ਾਨ ਦੀ ਜ਼ਿੰਦਗੀ ਲਈ ਸ਼ੁਕਰੀਆਂ।

ਉਹ ਸਮਾਂ, ਜਦ ਤੇਰੀ ਆਮਦ ਹੋਈ,
ਰੱਬ ਦਾ ਉਸ ਘੜੀ ਲਈ ਸ਼ੁਕਰੀਆ।

↑ ਤਤਕਰਾ ↑

# ਰਾਤ

ਗਰਦਸ਼ਾਂ ਵਿਚ ਦੌੜਦੀ, ਹਰ ਰੋਜ਼ ਆ ਜਾਂਦੀ ਹੈ ਰਾਤ।
ਮੇਰੇ ਪਿੰਡ ਦੇ ਵਿਹੜਿਆਂ 'ਤੇ ਆ ਕੇ ਛਾ ਜਾਂਦੀ ਹੈ ਰਾਤ।

ਆਉਂਦਿਆਂ ਹੀ ਸਾਰੇ ਪਾਸੇ ਇਹ ਹਨੇਰਾ ਪਾ ਦੇਵੇ,
ਨਿੱਖਰੇ ਹੋਏ ਪਲ ਛਿਨਾਂ ਨੂੰ, ਆ ਕੇ ਖਾ ਜਾਂਦੀ ਹੈ ਰਾਤ।

ਇਸ ਨੂੰ ਆਉਂਦਿਆਂ ਦੇਖ ਕੇ, ਪੰਛੀ ਘਰਾਂ ਨੂੰ ਪਰਤਦੇ,
ਆਪਣੇ ਜੀਆ-ਜੰਤ ਦਾ ਚੇਤਾ ਕਰਾ ਜਾਂਦੀ ਹੈ ਰਾਤ।

ਦਿਨ ਚੜ੍ਹਨ ਤੋਂ ਲਹਿਣ ਤਕ ਕੰਮ ਕਰਕੇ ਥੱਕੇ ਹੋਇਆਂ ਨੂੰ,
ਚਾਰ ਪਹਿਰ ਆਰਾਮ ਦੀ ਨੀਂਦੇ ਸੁਲ਼ਾ ਜਾਂਦੀ ਹੈ ਰਾਤ।

ਚੋਰਾਂ, ਯਾਰਾਂ, ਉੱਲੂਆਂ, ਚਮਗਿੱਦੜਾਂ ਦੇ ਵਾਸਤੇ,
ਨ੍ਹੇਰਿਆਂ ਦੇ ਵਿਚ ਵੀ ਇਕ ਦਿਨ ਚੜ੍ਹਾ ਜਾਂਦੀ ਹੈ ਰਾਤ।

ਧੁੱਪ ਦੇ ਰਥ ਦੀ ਗਰਦ ਵਿਚ ਜੋ ਸਿਤਾਰੇ ਗੁੰਮ ਗਏ,
ਭਾਲ ਕੇ ਉਹਨਾਂ ਨੂੰ ਫਿਰ ਸਾਨੂੰ ਦਿਖਾ ਜਾਂਦੀ ਹੈ ਰਾਤ।

ਰਾਤ ਨਾ ਹੁੰਦੀ ਤਾਂ ਕਿਥੇ ਦਿਸਣੇ ਸੀ ਤਾਰੇ ਤੇ ਚੰਦ!
ਕਿੰਨੇ ਵੱਡੇ ਗਿਆਨ ਦੇ ਦੀਵੇ ਜਗਾ ਜਾਂਦੀ ਹੈ ਰਾਤ।

ਜਾਣ ਸਕੇ ਅੱਜ ਤਾਈਂ ਨਾ ਜਿਨ੍ਹਾਂ ਦੇ ਮੂਲ਼ ਨੂੰ,
ਐਸੇ ਅਣਹੋਂਦੇ ਕਈ ਸੁਪਨੇ ਤਕਾ ਜਾਂਦੀ ਹੈ ਰਾਤ।

ਭਿੰਨੀ ਭਿੰਨੀ ਆਣਕੇ ਜਦ 'ਵਾ ਪੁਰੇ ਦੀ ਰੁਮਕਦੀ,
ਪਿਆਰ ਦੇ ਸੰਗੀਤ ਦੀ ਇਕ ਸੁਰ ਹਿਲਾ ਜਾਂਦੀ ਹੈ ਰਾਤ।

ਇਕ ਸੁਹਾਗਣ, ਜੋ ਛੁਪੀ ਹੈ ਕੰਜ-ਕੁਆਰੇ ਘੁੰਡ ਵਿਚ,
ਮਲਕੜੇ ਜਿਹੇ ਓਸ ਤੋਂ ਪਰਦਾ ਉਠਾ ਜਾਂਦੀ ਹੈ ਰਾਤ।

ਮਖ਼ਮਲੀ ਹਰਿਆਵਲਾਂ ਦੀ ਸਰਦ ਸੁਹਣੀ ਸੇਜ 'ਤੇ,
ਚਿੱਟੇ ਚਿੱਟੇ ਤ੍ਰੇਲ ਦੇ ਮੋਤੀ ਸਜਾ ਜਾਂਦੀ ਹੈ ਰਾਤ।

ਤੂੰ ਜਿਨ੍ਹਾਂ ਨੂੰ ਤ੍ਰੇਲ ਦੇ ਮੋਤੀ ਕਵ੍ਹੇਂ, ਮੋਤੀ ਨਹੀਂ,
ਬਿਰਹਣਾ ਦੇ ਨਾਲ ਬਹਿ ਹੰਝੂ ਵਹਾ ਜਾਂਦੀ ਹੈ ਰਾਤ।

↑ ਤਤਕਰਾ ↑

ਇਹ ਜਦੋਂ ਖ਼ਾਮੋਸ਼ ਹੈ, ਉਦਾਸ ਹੈ, ਸੁੰਨਸਾਨ ਹੈ,
ਵਿੱਛੜੇ ਹੋਇਆਂ ਦੇ ਮਨੀਂ, ਤੂਫ਼ਾਨ ਚਾ ਜਾਂਦੀ ਹੈ ਰਾਤ।

ਫਿਰ ਪੁਰਾਣੇ ਦਰਦ ਨੂੰ ਕੁਝ ਤਾਜ਼ਗੀ ਦੇਵਣ ਲਈ,
'ਰਾਤ ਦੀ ਰਾਣੀ' ਤੋਂ ਲੈ, ਮਹਿਕਾਂ ਖਿੰਡਾ ਜਾਂਦੀ ਹੈ ਰਾਤ।

ਇਹ ਕਦੇ ਨਹੀਂ ਖ਼ਤਮ ਹੋਈ, ਨਾ ਕਦੇ ਇਹ ਹੋਵਣੀ,
ਓਧਰੋਂ ਜਾਂਦੀ ਹੈ ਏਧਰ ਫੇਰ ਆ ਜਾਂਦੀ ਹੈ ਰਾਤ।

ਦੋਸਤੋ! ਇਸ ਰਾਤ ਨੂੰ ਚੰਗਾ ਕਹੋ, ਮਾੜਾ ਕਹੋ,
ਜੋ ਵੀ ਇਸ ਤੋਨ ਬਣ ਸਕੇ, ਉਹੀਓ ਬਣਾ ਜਾਂਦੀ ਹੈ ਰਾਤ।

↑ ਤਤਕਰਾ ↑

# ਯੁਗ ਪਰਿਵਰਤਨ

ਓ ਕਰਮਾਂ, ਓ ਧਰਮਾਂ ਵਾਲਿਆ! ਅੱਜ ਦਾ ਯੁਗ ਵਿੱਦਿਆ ਦਾ ਯੁਗ ਹੈ,
ਇਸ ਦੀਆਂ ਰੌਸ਼ਨ ਰਾਹਾਂ ਉੱਤੇ, ਸੋਚ ਸਮਝ ਕੇ ਪੈਰ ਉਠਾਣਾ।
ਆਉਣ ਵਾਲੀਆਂ ਨਸਲਾਂ ਨੂੰ ਜੇ ਤੇਰੀ ਚਾਲ 'ਚ ਵਿੰਗ ਜਾਪਿਆ,
ਤੇਰੇ ਤੇ ਤੇਰੇ ਧਰਮਾਂ ਤੋਂ, ਦੇਖੀਂ! ਉਨ੍ਹਾਂ ਬਾਗ਼ੀ ਹੋ ਜਾਣਾ।

ਹਾਲੇ ਕੱਲ੍ਹ ਦੀ ਗੱਲ ਹੈ, ਸ਼ਾਇਦ ਤੈਨੂੰ ਇਹ ਤਾਂ ਯਾਦ ਹੋਵੇਗਾ,
ਧਰਮ ਤੋਂ ਮੁਨਕਰ ਹੋ ਕੇ ਇਕ ਵੱਡੀ ਤਾਕਤ[1] ਦਾ ਜਨਮ ਹੋਇਆ ਸੀ।
ਮਾਨਵਤਾ ਨੂੰ ਪੀੜਾਂ ਦੇਵਣ ਵਾਲਾ, ਤੇਰਾ ਹੀ ਇਕ ਭਾਈ,
ਮਾਨਵਤਾ 'ਚੋਂ ਨਿੱਕਲੀ ਅੱਗ ਵਿਚ ਝੁਲਸ, ਤੜਪ ਕੇ ਖ਼ਤਮ ਹੋਇਆ ਸੀ।

ਧਰਮ ਤਾਂ ਹਰ ਇਕ ਦਾ ਨਿੱਜੀ ਹੈ, ਇਹ ਨਹੀਂ ਚਾਰ ਦੀਵਾਰਾਂ ਅੰਦਰ,
ਮਨ ਦੇ ਦਰ ਦੀ ਲੋੜ ਹੈ ਇਸ ਨੂੰ, ਕਿਸੇ ਹਰਮ ਦੀ ਲੋੜ ਨਹੀਂ ਹੈ।
ਜਿਹੜਾ ਧਰਮ ਅੜਿੱਕਾ ਬਣਦੈ, ਮਾਨਵ ਦੀਆਂ ਉਡਾਣਾ ਉੱਤੇ,
ਮੈਂ ਕਹਿੰਦਾ ਹਾਂ, "ਮਾਨਵਤਾ ਨੂੰ ਓਸ ਧਰਮ ਦੀ ਲੋੜ ਨਹੀਂ ਹੈ"।

ਏਸੇ ਧਰਤੀ ਦੇ ਇਕ ਪਾਸੇ, ਜਿੱਥੇ ਆ ਕੇ ਮੈਂ ਵਸਿਆ ਹਾਂ,
ਜੋ ਲੋਕਾਂ ਨੇ ਸਵਰਗ ਬਣਾਇਆ, ਆ! ਮੈਂ ਤੈਨੂੰ ਇਸ ਦੀ ਸਿਫ਼ਤ ਸੁਣਾਵਾਂ।

ਨਾ ਟੱਲੀਆਂ, ਨਾ ਸੰਖ, ਨਾ ਬਾਂਗਾਂ ਬੁਰਜੀ ਚੜ੍ਹ ਕੇ ਸ਼ੋਰ ਮਚਾਵਣ,
ਏਥੋਂ ਦਾ ਹਰ ਰੱਬ ਸੁਖੀ ਹੈ, ਜੀਅ ਕਰਦੈ ਸਭ ਦਾ ਹੋ ਜਾਵਾਂ।

ਮੇਰੀ ਇਸ ਦੁਨੀਆਂ ਦੇ ਅੰਦਰ, ਮੰਦਰ, ਮਸਜਦ ਦੇ ਬੁਰਜਾਂ ਤੋਂ,
ਲੋਕਾਂ ਦਾ ਆਚਾਰ ਉੱਚਾ ਹੈ, ਲੋਕਾਂ ਦਾ ਵਿਹਾਰ ਉੱਚਾ ਹੈ।
ਨਾ ਧਰਮਾਂ ਦੇ ਨਾਅਰੇ ਏਥੇ, ਨਾ ਕਰਮਾਂ ਦੇ ਨਾਅਰੇ ਏਥੇ,
ਏਥੇ ਤੇ ਬਸ ਮੇਰੇ ਸੱਜਣਾ! ਲੋਕਾਂ ਦਾ ਕਿਰਦਾਰ ਉੱਚਾ ਹੈ।

ਏਥੇ ਦਾ ਤਾਂ ਹਰ ਇਕ ਕਾਮਾ, ਵਿੱਦਿਆਂ ਤੇ ਮਿਹਨਤ ਦੇ ਬਲ 'ਤੇ,
ਰੋਗਾਂ, ਸੋਗਾਂ ਤੋਂ ਨਿੱਕਲ ਕੇ, ਮੌਤ ਨੂੰ ਢਾਉਣ ਦੀ ਸੋਚ ਰਿਹਾ ਹੈ।
ਮੰਤਰ, ਤੰਤਰ ਦੀ ਥਾਂ ਜੰਤਰ ਕੋਲੋਂ ਰੱਬ ਦਾ ਕੰਮ ਕਰਾ ਕੇ,
ਆਪਣੇ ਨਵੇਂ ਰੱਬ ਦਾ ਆਪੇ, ਕਰਤਾ ਬਣਨਾ ਲੋਚ ਰਿਹਾ ਹੈ।

↑ ਤਤਕਰਾ ↑

ਇਕ ਦਿਨ ਸ਼ਾਇਦ ਉਹ ਆਵੇਗਾ, ਇਕ ਟੀਕੇ ਦੇ ਅਸਰ ਦੇ ਹੇਠਾਂ,
ਬੀਤੀ ਹੋਈ ਜ਼ਿੰਦਗੀ ਦੇ ਦਿਨ, ਇਕ ਇਕ ਕਰਕੇ ਯਾਦ ਆਣਗੇ।
ਤੇ ਦੂਜੇ ਟੀਕੇ ਦੇ ਲੱਗਿਆਂ, ਜੋ ਬਾਕੀ ਦੇ ਦਿਨ ਜੀਵਨ ਦੇ,
ਇਕ ਇਕ ਕਰਕੇ ਮੌਤ ਦੇ ਦਿਨ ਤਕ, ਦੋ ਮਿੰਟਾਂ ਵਿਚ ਦਿਸ ਜਾਣਗੇ[2]।

ਆਸਤਿਕਤਾ ਦੀ, ਅੱਖਾਂ ਉੱਤੋਂ ਤੂੰ ਨਾ ਜੇਕਰ ਪੱਟੀ ਖੋਲ੍ਹੀ,
ਸੱਭਿਅਤਾ ਦੇ ਅੰਦਰੋਂ ਤੈਨੂੰ, ਤੇਰੀ ਅਕਲ ਨੇ ਕੱਢ ਜਾਣਾ ਹੈ।
ਤੂੰ ਭਰਮਾਂ, ਕਰਮਾਂ ਤੇ ਕਾਂਡਾਂ ਦੇ ਚੱਕਰ ਵਿਚ ਬੱਝੇ ਰਹਿਣਾ,
ਬਾਕੀ ਦੀ ਦੁਨੀਆਂ ਨੇ ਆਪਣਾ ਅੱਗਾ ਪਿੱਛੇ ਛੱਡ ਜਾਣਾ ਹੈ[3]।

ਅੱਜ ਜ਼ਰਾ ਸ਼ੀਸ਼ੇ ਦਾ ਸਾਹਵੇਂ, ਆਪਣੇ ਆਪ ਨੂੰ ਗਹੁ ਨਾ' ਦੇਖੀਂ,
ਸੋਚੀਂ, 'ਜੀਵਨ ਦਾ ਸੱਚ' ਕੀ ਹੈ, ਆਪਣਾ ਆਪਾ ਫੋਲ ਲਵੀਂ ਤੂੰ।
'ਰਹਿਬਰ ਦਾ ਮਤਲਬ' ਇਕ ਪਾਸੇ, ਦੂਜੇ ਪਾਸੇ 'ਅਪਣੀ ਕਰਨੀ',
ਤਵਾਰੀਖ਼ ਦੀ ਤੱਕੜੀ ਦੇ ਵਿਚ, ਪ੍ਰੀਤਮ! ਪਾ ਕੇ ਤੋਲ ਲਵੀਂ ਤੂੰ।

---

1 U.S.S.R and Republic of China

2 University of Toronto (Canada) has already developed a test, which can tell the month and year of the person's death. (Other than any accident, killing or suicide.)

3 The concept of the Time Machine.

↑ ਤਤਕਰਾ ↑

## ਰੂਹਾਂ

ਇਨ੍ਹਾਂ ਰੂਹਾਂ ਨੇ ਤੁਰ ਜਾਣਾ, ਇਨ੍ਹਾਂ ਜਿਸਮਾਂ ਨੇ ਮਰ ਜਾਣਾ,
ਕਿਸੇ ਕਾਰਣ ਦੇ ਸਿਰ ਉੱਤੇ, ਕੋਈ ਇਲਜ਼ਾਮ ਧਰ ਜਾਣਾ।

ਜਿਨ੍ਹਾਂ ਬੇਸਮਝ ਰੂਹਾਂ ਨੂੰ ਕਦੇ ਸੰਤੋਖ ਨਹੀਂ ਆਉਂਦਾ,
ਉਨ੍ਹਾਂ ਖ਼ੁਦ ਵੀ ਦੁਖੀ ਰਹਿਣਾ, ਜ਼ਮਾਨੇ ਨੂੰ ਵੀ ਕਰ ਜਾਣਾ।

ਸਭ ਰੂਹਾਂ ਦੀ ਆਪਣੀ ਆਪਣੀ ਤਾਸੀਰ ਹੁੰਦੀ ਹੈ,
ਕਿਸੇ ਨੇ ਜ਼ਖ਼ਮ ਕਰ ਜਾਣਾ, ਕਿਸੇ ਨੇ ਜ਼ਖ਼ਮ ਭਰ ਜਾਣਾ।

ਅਜੇ ਤਕ ਰੂਹਾਂ ਨੇ ਵੀ ਏਸ ਗੱਲ ਦਾ ਭੇਦ ਨਹੀਂ ਪਾਇਆ,
ਕਿ ਇਹਨਾਂ ਕਿੱਧਰੋਂ ਆਉਣਾ ਹੈ ਤੇ ਏਥੋਂ ਕਿਧਰ ਜਾਣਾ।

ਆਸਾਵੰਤ ਰੂਹਾਂ ਨੂੰ ਸਮਾਂ ਵੀ ਮਾਰ ਨਹੀਂ ਸਕਦਾ,
ਨਵੀਂ ਦੁਨੀਆਂ ਵਸਾ ਲੈਣੀ, ਇਨ੍ਹਾਂ ਜਦ ਵੀ ਜਿਧਰ ਜਾਣਾ।

ਖ਼ਬਰ ਰੱਖੀਂ ਐ 'ਪ੍ਰੀਤਮ'! ਕਿ ਕਿਸੇ ਦੀ ਰੂਹ ਨਾ ਮਰ ਜਾਵੇ
ਓਦੋਂ ਕੁਝ ਵੀ ਨਹੀਂ ਰਹਿਣਾ, ਜਦੋਂ ਰੂਹਾਂ ਨੇ ਮਰ ਜਾਣਾ।

↑ ਤਤਕਰਾ ↑

# .ਗਜ਼ਲ / ਅ.ਗਜ਼ਲ

1.
ਹਰ ਯੁਗ ਵਿਚ ਉੱਠਦਾ ਰਹਿਣਾ ਹੈ, ਕੋਈ ਡੁੱਬਦੀ ਦੁਨੀਆਂ ਤਾਰਨ ਲਈ,
ਕੋਈ ਜ਼ਾਲਮ ਨੂੰ ਸੰਘਾਰਨ ਲਈ, ਕੋਈ ਆਪਣਾ-ਆਪਾ ਵਾਰਨ ਲਈ।

ਤਬਦੀਲੀ ਦਾ ਹੀ ਦੂਜਾ ਨਾਂ, ਇਕ ਜ਼ਹਿਰ ਦਾ ਭਰਿਆ ਪਿਆਲਾ ਹੈ,
'ਸੁਕਰਾਤ' ਨੇ ਪੀਂਦੇ ਰਹਿਣਾ ਹੈ, ਕਈ ਜਜ਼ਬੇ ਨਵੇਂ ਉਭਾਰਨ ਲਈ।

ਓ ਰਹਿਬਰ! ਕੁਰਸੀ 'ਤੇ ਬਹਿ ਕੇ, ਜ਼ਿੱਲਤ ਦੇ ਨ੍ਹੇਰੇ ਨਹੀਂ ਮਿਟਦੇ,
ਸੂਰਜ ਬਣ ਤਪਣਾ ਪੈਂਦਾ ਹੈ, ਧੁੰਧਲੇ ਆਕਾਸ਼ ਨਿਖਾਰਨ ਲਈ।

ਕੋਈ 'ਕੌਡੇ' ਵਰਗਾ ਜ਼ਾਲਮ ਸੀ, ਕੋਈ 'ਸੱਜਣ' ਬਣ ਕੇ ਠੱਗਦਾ ਸੀ,
ਨਾ ਲੋੜ ਪਈ ਹਥਿਆਰਾਂ ਦੀ, ਉਹਨਾਂ ਦੀ ਬੁਰਾਈ ਮਾਰਨ ਲਈ।

ਮੇਰਾ ਹਿੰਸਾ ਵਿਚ ਯਕੀਨ ਨਹੀਂ, ਹਿੰਸਾ ਦਾ ਅੰਤ ਅਹਿੰਸਾ ਹੈ
ਪਰ ਚੂੜੀਆਂ ਪਾ ਕੇ ਨਹੀਂ ਬਹਿਣਾ, ਕੋਈ ਆ ਗਿਆ ਜੇ ਲਲਕਾਰਨ ਲਈ।

ਇਸਮਤ ਦੀ ਰਾਖੀ ਕੀ ਕਰਨੀ! ਸੰਧੂਰ ਤੇ ਖ਼ੁਦ ਹੀ ਵਿਕਦਾ ਹੈ,
ਇਕ ਖ਼ੂਨ ਦੀ ਰੰਗਤ ਚਾਹੀਦੀ, ਉੱਜੜਦੀ ਮਾਂਗ ਸਵਾਰਨ ਲਈ।

ਤੂ ਕਰੇਂ ਜਾਂ ਭਾਵੇਂ ਨਾ ਹੀ ਕਰੇਂ, ਇਨਸਾਫ਼ ਦੀ ਡੰਡੀ ਨੂੰ ਸਾਵਾਂ,
ਤੇਰੀ ਰੂਹ ਨੇ ਕਹਿੰਦੇ ਰਹਿਣਾ ਹੈ, ਪਾਣੀ ਤੇ ਦੁੱਧ ਨਿਤਾਰਨ ਲਈ।

ਘਟਨਾਵਾਂ ਦੀ ਕੁੱਖ ਦੇ ਵਿਚੋਂ, ਘਟਨਾਵਾਂ ਪੈਦਾ ਹੁੰਦੀਆਂ ਨੇ,
ਕੋਈ ਕਾਰਨ ਹੀ ਤਾਂ ਹੁੰਦਾ ਹੈ 'ਜੜ੍ਹ' ਬਣਦੇ ਹੋਏ ਕਾਰਨ ਲਈ।

ਧਰਤੀ ਦੀ ਸੁਲਗਦੀ ਛਾਤੀ ਨੇ, ਬਣ ਰਾਖ਼, ਸੀ ਕਿਧਰੇ ਮਿਟ ਜਾਣਾ,
ਜੇ ਸੱਤ ਸਮੁੰਦਰਾਂ ਦਾ ਪਾਣੀ ਹੁੰਦਾ ਨਾ ਇਹਨੂੰ ਠਾਰਨ ਲਈ।

ਅਸੀਂ ਕੱਲ੍ਹ ਦਾ ਗੌਰਵ ਕੀ ਕਰਨਾ! ਹੂਰਾਂ ਦੇ ਲਾਰੇ ਕੀ ਕਰਨੇ,
ਸਾਡੀ ਅੱਜ ਦੀ ਮੰਗ ਹੈ ਜੀਵਨ ਦੇ ਹਰ ਪਲ ਨੂੰ ਹੱਸ ਗੁਜ਼ਾਰਨ ਲਈ।

ਕੋਈ ਵੀ ਗੱਲ, ਕਦੇ ਕੋਈ ਪੱਥਰ 'ਤੇ ਲੀਕ ਨਹੀਂ ਹੁੰਦੀ,
ਹਾਲਾਤ ਬਦਲਦੇ ਰਹਿੰਦੇ ਨੇ, ਹਰ ਗੱਲ ਹੈ ਸੋਚ ਵਿਚਾਰਨ ਲਈ।

ਜੋ ਚੇਤ-ਅਚੇਤ ਬਣਾਇਆ ਹੈ, ਖ਼ਾਕਾ ਆਪਣੀ ਖ਼ੁਸ਼ਹਾਲੀ ਦਾ,
ਇਕ ਨੇਕ ਮੁਸ਼ੱਕਤ ਚਾਹੀਦੀ, ਉਸ ਤੋਂ ਇਕ ਮਹਿਲ ਉਸਾਰਨ ਲਈ।

↑ ਤਤਕਰਾ ↑

2.

ਇਨਸਾਫ਼ ਦਾ ਤਰਾਜ਼ੂ, ਜੋ ਜਾਣ ਕੇ ਡੋਲਾਵੇ,
ਫ਼ਿਕਰਾਂ ਦੀ ਨੋਕ ਉੱਤੇ, ਉਹ ਜ਼ਿੰਦਗੀ ਨਚਾਵੇ।

ਇਕ ਮੁਰਦਾ-ਲਾਸ਼ ਕੋਲੋਂ ਅੱਜ ਕੋਲ ਬਹਿ ਕੇ ਪੁੱਛੀਂ,
"ਜੋ ਕੁਝ ਬਣਾਇਆ ਆਪਣਾ, ਕਿਉਂ ਸਾਥ ਨਾ ਨਿਭਾਵੇ?"

'ਭੁਖਾਂ ਦੀ ਭੱਠ' ਅੰਦਰ ਇਨਸਾਨੀਅਤ ਜਾਂ ਪਿਘਲੇ,
ਸ਼ਸਤਰ ਬਗ਼ਾਵਤਾਂ ਦੇ, ਤਕਦੀਰ ਨੂੰ ਪੁਆਵੇ।

ਕੁਰਬਾਨੀਆਂ 'ਚੋਂ ਉੱਠੇ, ਚਰਚਾ ਪੈਗ਼ੰਬਰੀ ਦਾ,
ਜੋ ਭਾਂਬੜਾਂ ਦੇ ਵਿਚੋਂ, ਅਮਨਾਂ ਦਾ ਰਾਹ ਦਿਖਾਵੇ।

ਹੈ ਸੂਝ ਜਿਸ ਦੇ ਪਿੱਛੇ, ਉਹ ਸਿਦਕ, ਜ਼ਿਦ ਨਹੀਂ ਹੈ,
ਤੱਤਾਂ ਤੋਂ ਮੁਕਤ ਹੋਵੇ ਪਰ ਬੋਲ ਨੂੰ ਪੁਗਾਵੇ।

ਭਰਪੂਰ-ਜ਼ਿੰਦਗੀ ਦਾ ਡੇਰਾ ਹੈ ਜਿਸ ਜਗਹ 'ਤੇ,
ਕਾਮਲ-ਯਕੀਨ ਓਥੇ ਤਦਬੀਰ ਨੂੰ ਪੁਚਾਵੇ।

3.

ਜੀਵਨ ਦੇ ਰਸਤਿਆਂ ਦੀ ਹਸਰਤ ਨਾ ਮਿਟ ਸਕੇ,
ਭਾਵੇਂ ਮੁਸਾਫ਼ਰੀ ਦੀ ਮੁਸੀਬਤ ਨਾ ਮਿਟ ਸਕੇ।

ਐ ਦੋਸਤ! ਜ਼ੁਲਮ ਸਹਿਣ ਦੀ ਆਦਤ ਨਾ ਪਾ ਲਵੀਂ
'ਵਾਰਿਸ' ਵੀ ਕਹਿ ਗਿਆ ਹੈ, "ਆਦਤ ਨਾ ਮਿਟ ਸਕੇ"।

ਦੁੱਖਾਂ ਨੂੰ ਦੇਖ ਕੇ ਕਦੇ ਅੱਖਾਂ ਨਾ ਮੀਟਣਾ,
ਇਸ ਤਰ੍ਹਾਂ ਤਾਂ ਇਨ੍ਹਾਂ ਦੀ ਹਕੀਕਤ ਨਾ ਮਿਟ ਸਕੇ।

ਧਰਤੀ ਹੈ ਗੋਲ ਇਸ ਲਈ ਕਿ ਦੂਰ ਨਾ ਦਿਸੇ
ਤੇ ਥੱਕੇ ਹਾਰਿਆਂ ਦੀ ਹਿੰਮਤ ਨਾ ਮਿਟ ਸਕੇ।

↑ ਤਤਕਰਾ ↑

4.

ਜਦੋਂ ਤਕ ਆਦਮੀ ਹੀ ਆਦਮੀ ਦੇ ਨਾਲ ਨਹੀਂ ਹੁੰਦਾ,
ਬੁਰੇ ਸਮਿਆਂ ਦਾ ਆਉਣਾ ਆਦਮੀ ਤੋਂ ਟਾਲ ਨਹੀਂ ਹੁੰਦਾ।

ਸ਼ਰੀਅਤ ਦੀ ਗਲੀ ਨੂੰ ਹੋਰ ਵੀ ਭੀੜਾ ਨਾ ਕਰ ਜ਼ਾਹਿਦ!
ਇੰਜ ਦੁਨੀਆਂ ਦੇ ਮਾਲਕ ਦਾ ਟਿਕਾਣਾ ਭਾਲ ਨਹੀਂ ਹੁੰਦਾ।

ਕਿਸੇ ਡਿੱਗੇ ਹੋਏ ਨੂੰ ਕਿਸ ਤਰ੍ਹਾਂ ਉਸ ਆਸਰਾ ਦੇਣਾ,
ਖ਼ੁਦੀ ‘ਚ ਜਿਸ ਤੋਂ ਆਪਣਾ ਆਪ ਹੀ ਸੰਭਾਲ ਨਹੀਂ ਹੁੰਦਾ।

ਜਦੋਂ ਕੋਈ ਲੁਟੇਰਾ ਨਾਅਰਾ ਲਾਵੇ ਦੇਸ਼-ਭਗਤੀ ਦਾ,
ਉਹ ਭਾਵੇਂ ਜਾਨ ਵੀ ਦੇਵੇ, ਵਤਨ ਖ਼ੁਸ਼ਹਾਲ ਨਹੀਂ ਹੁੰਦਾ।

ਭਲੇਮਾਣਸ ਤੇ ਬੁਜ਼ਦਿਲ ਵਿਚ ਹੈ ਪਤਲੀ ਜਿਹੀ ਰੇਖ਼ਾ,
ਜੇ ਇਹ ਮਿਟ ਜਾਏ ਤਾਂ ਜੀਣ ਦਾ ਕੁਝ ਹਾਲ ਨਹੀਂ ਹੁੰਦਾ।

ਸੁਰੰਗ ਦੇ ਪਾਰ ਦਿਸਦੀ ਰੌਸ਼ਨੀ ਦੀ ਤਾਂਘ ਹੈ ਜੀਵਨ,
ਨਹੀਂ ਤਾਂ ਨ੍ਹੇਰਿਆਂ ਦੇ ਨਾਲ ਰਿਸ਼ਤਾ ਪਾਲ ਨਹੀਂ ਹੁੰਦਾ।

ਇੱਛਾਵਾਂ ਜ਼ਰੂਰੀ ਹੁੰਦੀਆਂ ਜੀਵਨ ਲਈ, ਲੇਕਿਨ,
ਇਨ੍ਹਾਂ ਦੀ ਪੂਰਤੀ ਖ਼ਾਤਰ ਪਰਾਇਆ ਮਾਲ ਨਹੀਂ ਹੁੰਦਾ।

ਹਰ ਆਕਾਰ ਦੀ ਸੀਮਾ ਲਈ ਇਕ ਕਾਰ ਹੁੰਦੀ ਹੈ,
ਜੇ ਅੰਦਰ ਹੀ ਰਹੇ ਪ੍ਰੀਤਮ! ਤਾਂ ਵਿੰਗਾ ਵਾਲ ਨਹੀਂ ਹੁੰਦਾ।

↑ ਤਤਕਰਾ ↑

5.

ਮੇਰੀ ਨਿਗਾਹ ਨਾਲ ਜਦ ਰਲ ਗਈ ਤੇਰੀ ਨਿਗਾਹ
ਇਸ਼ਕ ਦੀ ਦੁਨੀਆਂ 'ਚ ਮੈਂ ਹੋ ਗਿਆ ਹਾਂ ਬਾਦਸ਼ਾਹ।

ਹੈ ਖ਼ੁਸ਼ੀ ਕਿ ਤੇਰੀ ਮੇਰੀ ਮੰਜ਼ਿਲ ਆਖ਼ਰ ਇਕ ਹੈ,
ਕੀ ਹੋਇਆ ਜੇ ਤੇਰੇ ਮੇਰੇ ਵੱਖਰੇ ਵੱਖਰੇ ਨੇ ਰਾਹ!

ਉਸ ਜਨੂਨੀ ਨੇ ਜਦੋਂ ਦੱਸਿਆ ਕਿ ਪੁੰਨ ਕੀ ਹੋਵੰਦਾ!
ਮੇਰੀ ਜਾਚੇ ਓਸ ਵੇਲੇ, ਉਸ ਤੋਂ ਵੀ ਹੋਇਆ ਗੁਨਾਹ।

ਅੱਜ ਤਾਈਂ ਮਨ ਦੇ ਆਖੇ ਤਨ ਨੇ ਜੇਬਾਂ ਕੱਟੀਆਂ,
ਮਨ ਦੇ ਆਖੇ ਲੱਗ ਕੇ ਹੀ ਤੁਰ ਪਿਆ ਸੂਲੀ ਦੇ ਰਾਹ।

ਤਨ ਤੇ ਸੁਣਿਆਂ ਹੈ ਕਿ ਤੱਤੀਆਂ ਤਵੀਆਂ 'ਤੇ ਨਹੀਂ ਡੋਲਿਆ,
ਕਿਹੜੀ ਰਿਸ਼ਵਤ ਬਦਲ ਦੇਵੇ ਏਸ ਮਨ ਦਾ ਕੀ ਵਸਾਹ!

ਅੱਜ ਦੇ ਯੁਗ ਦੀ ਲੜਾਈ ਹੈ ਲੜਾਈ ਮਨਾਂ ਦੀ,
ਮਨ ਜੇ ਮਜ਼ਬੂਤ ਨਹੀਂ ਤਾਂ ਔਖਾ ਏ ਹੋਣਾ ਨਿਬਾਹ।

ਤੇਰੇ ਛਵ੍ਹੀਆਂ ਤੇ ਗੰਡਾਸੇ ਦੱਸ ਭਲਾ ਕੀ ਕਰਨਗੇ!
ਤੇਰੇ ਹੀ ਜਦ ਸਾਥੀਆਂ ਦੇ ਹੋਣਗੇ ਹਿਰਦੇ ਸਿਆਹ।

ਹਰ ਕਿਸੇ ਨੂੰ ਦੱਸ ਦੇ ਕਿ ਜ਼ੁਲਮ ਸਹਿਣਾ ਪਾਪ ਹੈ,
ਜ਼ਾਲਮਾਂ ਦਾ ਕੀ! ਫਿਰ ਆਪੇ ਹੀ ਹੋ ਜਾਣੇ ਤਬਾਹ।

ਇਸ਼ਕ ਮੇਰਾ ਇਹ ਨਾ ਕਹਿੰਦਾ, "ਮੈਂ ਰਹਿ ਜਾਵਾਂ ਇੱਕ ਦਾ",
ਸਰਬ-ਸਾਂਝੀਵਾਲਤਾ ਲਈ ਕਲਮ ਮੇਰੀ ਹੈ ਗਵਾਹ।

ਉਹ ਸਲੀਬਾਂ, ਉਹ ਖੰਡੇ, ਉਹ ਚੱਕਰ ਹੁਣ ਨਹੀਂ ਆਵਣੇ,
ਇਲਮ ਦੇ ਘਰ ਵਿਚ ਹੀ ਪ੍ਰੀਤਮ! ਲੈਣੀ ਪੈਣੀ ਹੈ ਪਨਾਹ।

↑ ਤਤਕਰਾ ↑

6.

ਆਜ਼ਾਦੀ ਦੀ ਸ਼ਮ੍ਹਾਂ ਉੱਤੇ ਮੈਂ ਪਰਵਾਨੇ ਸੜੇ ਦੇਖੇ,
ਉਡਾਰੂ ਸੋਚ ਦੇ ਖੰਭ ਵੀ ਕਤਲ-ਗਾਹੀਂ ਝੜੇ ਦੇਖੇ।

ਜਿਨ੍ਹਾਂ ਜੋਤੀ-ਕਲਸ ਚੁੱਕੇ, ਅਗਾਂਹ ਹੋ ਗੀਤ ਵੀ ਗਾਏ,
ਜਦੋਂ ਬਾਰਾਤ ਪਹੁੰਚੀ ਤਾਂ ਉਹ ਬਾਹਰ ਹੀ ਖੜੇ ਦੇਖੇ।

ਨਾਂ ਲੈ ਲੈ ਸ਼ਹੀਦਾਂ ਦਾ ਕਈ ਖ਼ੁਦਗ਼ਰਜ਼ ਫਿਰਦੇ ਨੇ,
ਜਿਨ੍ਹਾਂ ਹੱਥੀਂ ਤਿਜੌਰੀ ਭਰਨ ਲਈ ਠੂਠੇ ਫੜੇ ਦੇਖੇ।

ਜਵਾਨੀ! ਤੈਨੂੰ ਕਾਬੂ ਕਰਨ ਲਈ, ਬੁੱਢੀ ਸਿਆਸਤ ਦੇ,
ਹਰ ਯੁਗ, ਹਰ ਜਗਹ ਉੱਤੇ ਹੀ ਮਨਸੂਬੇ ਘੜੇ ਦੇਖੇ।

ਜਿਨ੍ਹਾਂ ਨੇ ਬਾਗ਼ ਤਾਂ ਲਾਏ ਮਗਰ ਰਾਖੀ ਨਹੀਂ ਕੀਤੀ,
ਉਨ੍ਹਾਂ ਦੇ ਬਾਗ਼, ਫਲ ਦੇਵਣ ਤੋਂ ਪਹਿਲਾਂ ਉੱਜੜੇ ਦੇਖੇ।

ਜਿਨ੍ਹਾਂ ਨੂੰ ਜ਼ਿੰਦਗੀ ਵਿਚ ਗੋਸ਼ਟੀ ਦੀ ਜਾਚ ਨਹੀਂ ਆਈ,
ਪ੍ਰੀਤਮ ਨੇ ਕਈ ਬੇਸਮਝ ਆਪੋ ਵਿਚ ਲੜੇ ਦੇਖੇ।

↑ ਤਤਕਰਾ ↑

7.

ਸੱਚ ਸੱਚ ਕਹਿੰਦੇ ਰਹੇ ਪਰ ਝੂਠ ਵਿਚ ਰਹਿੰਦੇ ਰਹੇ,
ਇਕ ਸਥਾਈ ਨ੍ਹੇਰ ਵਿਚ ਰਾਤਾਂ ਤੇ ਦਿਨ ਲਹਿੰਦੇ ਰਹੇ।

ਜ਼ੁਲਮ ਦੀ ਤੇ ਪਾਣੀਆਂ ਦੀ ਹੈ ਰਵਾਨੀ ਇਕ ਹੀ,
ਨੀਵੇਂ ਪਾਸੇ ਵੱਲ ਨੂੰ ਹੀ ਇਹ ਸਦਾ ਵਹਿੰਦੇ ਰਹੇ।

ਸੀ ਉਨ੍ਹਾਂ ਨੂੰ ਲਾਲਸਾ ਦਾ, ਇਹਨਾਂ ਨੂੰ ਲੁੱਟ ਜਾਣ ਦਾ,
ਉਹ ਵੀ ਦੁੱਖ ਸਹਿੰਦੇ ਰਹੇ ਤੇ ਇਹ ਵੀ ਦੁੱਖ ਸਹਿੰਦੇ ਰਹੇ।

ਇਹਨਾਂ ਪੌਣਾ ਪਾਣੀਆਂ ਦੇ ਉੱਤੇ ਅੱਖਰ ਪਿਆਰ ਦੇ,
ਜਦ ਕੋਈ ਲਿਖਦਾ ਰਿਹਾ, ਓਦੋਂ ਹੀ ਉਹ ਢਹਿੰਦੇ ਰਹੇ।

ਲੈ ਹਵਾਵਾਂ, ਰਗੜ ਖਾਂਦੇ ਬਾਂਸ ਜੰਗਲ ਫੂਕਦੇ,
ਲੋਕ ਇਹ ਸਭ ਜਾਣਦੇ ਹੋਏ ਵੀ ਕਿਉਂ ਖਹਿੰਦੇ ਰਹੇ।

ਪ੍ਰਜਾ-ਪਤੀ ਹੁੰਦਾ ਹੈ ਰਾਜਾ ਜੇ ਤਾਂ ਪ੍ਰੀਤਮ! ਦੱਸ ਇਹ,
ਹੁਣ ਤਾਈਂ ਜੰਗਲ ਦਾ ਰਾਜਾ ਸ਼ੇਰ ਕਿਉਂ ਕਹਿੰਦੇ ਰਹੇ।

↑ ਤਤਕਰਾ ↑

8.

ਤਾਰਾ ਟੁੱਟਾ ਕਿਸ ਦੇ ਭਾਗੀਂ! ਕਿਸ ਦੀ ਮਾਂਗ ਸਜਾਵੇਗਾ ਇਹ!
ਕਿ ਮਿੱਟੀ ਦੇ ਮੋਹ ਵਿਚ ਤੁਰਿਆ, ਖ਼ੁਦ ਮਿੱਟੀ ਹੋ ਜਾਵੇਗਾ ਇਹ।

ਇਸ ਤਾਰੇ ਦੀ ਦਰਦ ਕਹਾਣੀ, ਐਟਮ ਤੋਂ ਜ਼ੱਰੇ ਤਕ ਜਾਣੀ,
ਕਿਸੇ ਦੀ ਕਿਸਮਤ ਘੜਦਾ ਘੜਦਾ ਆਪਣੀ ਹੋਂਦ ਗਵਾਵੇਗਾ ਇਹ।

ਧੁੰਧ ਮਿਟੀ ਤਾਂ ਜੀਵਨ ਪਾਇਆ, ਜੀਵਨ ਬਾਅਦ ਵੀ ਓਹੀ ਸਾਇਆ,
ਜੀਵਨ ਹੀ ਚਾਨਣ ਹੈ ਪ੍ਰੀਤਮ, ਜੋਤੋਂ ਜੋਤ ਜਗਾਵੇਗਾ ਇਹ।

ਇਸ ਜੀਵਨ ਦੀ ਕੀ ਆਸ਼ਾ ਹੈ! ਕਿੱਥੋਂ ਆਵੇ! ਕਿੱਥੇ ਜਾਵੇ!
ਲਿਵ-ਲੀਨਤਾ ਉੱਤੇ ਜਾ ਕੇ, ਅਨਹਦ-ਨਾਦ ਵਜਾਵੇਗਾ ਇਹ।

'ਸੁੰਨੋਂ ਸੁੰਨ ਕਹੇ ਸਭ ਕੋਈ', ਇਸ ਬਿਨ ਮਨ ਦੀ ਤ੍ਰਿਪਤ ਨਾ ਹੋਈ,
ਅਤ੍ਰਿਪਤੀ ਤੋਂ ਨਿਕਲਣ ਵੇਲੇ, ਅਨਹਦ-ਨਾਦ ਭੁਲਾਵੇਗਾ ਇਹ।

ਸੁਬਹ ਤੋਂ ਲੈ ਕੇ ਰੂਹ ਦੇ ਸੂਰਜ ਏਸ ਜਗਹ 'ਤੇ ਚਾਨਣ ਕੀਤਾ,
ਸ਼ਾਮ ਪਈ ਤਾਂ ਹੋਰ ਕਿਸੇ ਥਾਂ ਜਾ ਕੇ ਡੇਰਾ ਲਾਵੇਗਾ ਇਹ।

ਰੂਹ ਦੇ ਸੂਰਜ ਓਥੇ ਜਾਣਾ, ਜਿੱਥੇ ਆਪਣਾ ਆਪ ਗਵਾਣਾ,
ਨਰਕ ਸੁਰਗ ਤੋਂ ਅੱਗੇ ਜਾ ਕੇ, ਜੋਤੀ-ਜੋਤ ਸਮਾਵੇਗਾ ਇਹ।

ਸੱਚੀ ਦਰਗਹ ਅੰਦਰ ਇਸ ਦੀ ਬੋਲੀ ਨਾ ਸਮਝੇਗਾ ਕੋਈ,
ਆਪਣੇ ਸਾਥ ਗੁਆ ਕੇ ਆਪੇ, ਕੀਕਣ ਆਖ ਸੁਣਾਵੇਗਾ ਇਹ।

ਕੱਚੀ ਉਮਰ ਦੀ ਸਿਖਰ ਦੁਪਹਿਰੇ, ਏਥੇ ਹੈ ਇਕ ਬਾਲਕ ਸੁੱਤਾ,
ਕਬਰ ਦੇ ਪੱਥਰ 'ਤੇ 'ਘੁੱਗੀ ਦਾ ਇਹ ਨਿਸ਼ਾਨ' ਬਤਲਾਵੇਗਾ ਇਹ।

ਸਾਗਰ ਦੇ ਥੱਲੇ 'ਤੇ ਜਿਹੜਾ ਪਾਣੀ, ਉਸ ਦਾ ਕੀ ਹੋਣਾ ਹੈ!
ਨਾ ਅੰਬਰ ਦੀਆਂ ਮੌਜਾਂ ਤੇ ਨਾ ਛਹਿਬਰ ਕੋਈ ਲਗਾਵੇਗਾ ਇਹ।

ਇਸ ਮਾਲੀ ਦੀ ਮਿਹਨਤ ਉੱਤੇ, ਕਲੀ ਹੱਸੇਗੀ ਫਿਰ ਰੋਵੇਗੀ,
ਜਦ ਫੁੱਲਾਂ ਨੂੰ ਤੋੜ ਤੋੜ ਕੇ, ਕੋਈ ਹਾਰ ਬਣਾਵੇਗਾ ਇਹ।

ਏਸ ਸਮੇਂ ਨੇ ਚਾਲ ਇਹ ਚੱਲੀ, ਰਹਿ ਗਈ ਜਿੰਦ 'ਕੱਲੀ ਦੀ 'ਕੱਲੀ,
ਕੀ ਪਤਾ ਸੀ ਕਿ ਪ੍ਰੀਤਮ ਨੂੰ, ਏਥੇ ਵੀ ਲੈ ਆਵੇਗਾ ਇਹ।

↑ ਤਤਕਰਾ ↑

9.

ਸਾਵਣ ਆਵੇ ਜਾਂ ਨਾ ਆਵੇ, ਬਦਲੇ ਰੰਗ ਫ਼ਿਜ਼ਾਵਾਂ ਦਾ,
ਤੂੰ ਹੈਂ, ਤਾਂ ਅੰਦਾਜ਼ ਹੈ ਚੰਗਾ, ਇਹਨਾਂ ਮਸਤ ਹਵਾਵਾਂ ਦਾ।

ਮਾਰੂਥਲ ਦੀ ਧੁੱਪ ਨਾ ਸਾੜੇ ਪਿਆਰ ਦੀ ਨੀਝ ਦੁਰੇਡੀ ਨੂੰ,
ਦੱਸ ਰਿਹਾ ਹੈ ਓਥੇ ਹੋਣਾ, ਮ੍ਰਿਗ-ਤ੍ਰਿਸ਼ਨਾ ਦਰਿਆਵਾਂ ਦਾ।

ਇਸ਼ਕ, ਜੋ ਹੱਡਾਂ 'ਚੋਂ ਨਿੱਕਲ ਕੇ, ਰੂਹਾਂ ਦੀ ਗੱਲ ਬਣ ਜਾਵੇ,
ਉਸ ਬੇ-ਤਨ, ਬੇ-ਗ਼ਰਜ਼ ਇਸ਼ਕ ਨੂੰ, ਖ਼ੌਫ਼ ਨਾ ਕੋਈ ਸਜ਼ਾਵਾਂ ਦਾ।

ਮੱਕਿਓਂ ਪਰੇ ਉਜਾੜ ਹੈ ਜੇਕਰ, ਤਾਂ ਫਿਰ ਮੈਂ ਓਧਰ ਜਾਣਾ,
ਆਦਮ ਦੀ ਫ਼ਿਤਰਤ ਵਿਚ, ਦੱਸ! ਕੀ ਕੰਮ ਭਲਾ ਰੇਖਾਵਾਂ ਦਾ।

ਅਨਹਦ-ਨਾਦ ਅਧੂਰਾ ਸੀ, ਇਨਸਾਨਾਂ ਦੇ ਜਜ਼ਬਾਤ ਬਿਨਾ,
ਏਸੇ ਲਈ ਤਾਂ ਜਨਮ ਹੋਇਆ ਹੈ, ਗੀਤਾਂ ਤੇ ਕਵਿਤਾਵਾਂ ਦਾ।

ਹਰ ਬਦਨ ਵਿਚ ਰੂਹ ਹੁੰਦੀ ਹੈ, ਜੇ ਇਹਨੂੰ ਕੋਈ ਤਕ ਸਕੇ,
ਤਾਂ ਖ਼ੁਸ਼ੀਆਂ 'ਤੇ ਅਸਰ ਨਾ ਹੋਵੇ, ਦੁਨੀਆਂ ਦੀਆਂ ਬਲਾਵਾਂ ਦਾ।

ਆਤਮਾ ਦਾ ਨਾਂ ਕੀ ਹੋ ਸਕਦੈ! ਕੌਣ ਇਹਦੀ ਪਹਿਚਾਣ ਕਰੇ!
ਇਹਦੇ ਚੋਲੇ ਤਕ ਹੀ, ਸੀਮਾ ਹੈ, ਹੋਣਾ ਕੁਝ ਨਾਂਵਾਂ ਦਾ।

ਆਉਣਾ, ਜਾਣਾ, ਹੱਸਣਾ, ਰੋਣਾ, ਹਰ ਹਰਕਤ ਵਿਚ ਭਾਵ ਮਿਲੇ.
ਮਨ ਦੇ ਚੈਨ ਲਈ ਥਾਂ ਹੂੰਦੈ, ਬਿਨ ਸੋਚਾਂ ਬਿਨ ਭਾਵਾਂ ਦਾ।

ਸੰਨਾਟੇ ਦੇ ਦਰਿਆ ਅੰਦਰ, ਆਵਾਜ਼ਾਂ ਦੇ ਭੰਵਰ ਬਣੇ,
ਪਿਆਰ ਨੇ ਤਰਨਾ ਮੁਸ਼ਕਿਲ ਕੀਤੈ, ਅੰਤਮ-ਸੱਚ ਝਨਾਵਾਂ ਦਾ।

ਆਪਣੇ ਆਪ ਨੂੰ ਲੱਭਣ ਲਈ, ਤੂੰ ਜੇ ਮੰਜ਼ਿਲ ਨੂੰ ਜਾਣਾ ਹੈ,
ਤਾਂ ਪੰਧ ਪੂਰਾ ਕਰਨਾ ਪੈਣੈ, ਪਹਿਲਾਂ ਨੌਂ ਪੜਾਵਾਂ ਦਾ।

ਤੈਨੂੰ ਪੂਰਾ ਹੋਣ ਦੀ ਖ਼ਾਤਰ, ਮਰ ਜਾਵਣ ਦੀ ਲੋੜ ਨਹੀਂ,
ਤੂੰ ਜੇਕਰ ਮਾਹਰ ਹੋ ਜਾਵੇਂ, ਜੀਵਨ ਦੀਆਂ ਕਲਾਵਾਂ ਦਾ।

ਓਸ ਸਫ਼ਰ ਦੀ ਪੀੜ ਅਣੋਖੀ, ਜੋ ਕੀਤਾ ਨਾ ਜਾ ਸਕਿਆ,
ਥੱਕ ਟੁੱਟ ਕੇ ਵੀ ਤੁਰਦੇ ਰਹਿਣਾ ਪਰ ਨਾ ਬਦਲਨਾ ਥਾਂਵਾਂ ਦਾ।

ਜਿੱਥੇ ਜਾ ਕੇ ਇਹ ਸੱਤ-ਰੰਗੀ-ਪੀਂਘ ਖ਼ਤਮ ਹੁੰਦੀ, ਪ੍ਰੀਤਮ!
ਓਥੇ ਅੱਜ ਉਡੀਕੇ ਤੈਨੂੰ, ਮਹਿਰਮ ਤੇਰੇ ਚਾਵਾਂ ਦਾ।

↑ ਤਤਕਰਾ ↑

10

ਕਿਸੇ ਇਕ ਦੇ ਸੁਹੱਪਣ ਨਾਲ ਹੀ ਹੋਇਓਂ ਸੁਦਾਈ ਕਿਉਂ?
ਪਰੇ ਤੋਂ ਹੈ ਪਰੇ ਦੁਨੀਆਂ, ਤੂੰ ਏਨੀ ਗੱਲ ਭੁਲਾਈ ਕਿਉਂ?

ਕਿਸੇ ਦੇ ਧਰਮ ਨੂੰ, ਤੂੰ ਵੀ ਤਾਂ ਆਖ਼ਰ ਧਰਮ ਕਹਿੰਦਾ ਹੈਂ,
ਤਾਂ ਫਿਰ, ਓ ਧਰਮ ਦੇ ਰਾਖੇ! ਧਰਮ ਦੀ ਹੀ ਬੁਰਾਈ ਕਿਉਂ?

ਨਾ ਰੱਬ ਦੇਖਿਆ ਉਹਨੇ ਤੇ ਨਾ ਤੈਨੂੰ ਨਜ਼ਰ ਆਇਆ,
ਤਾਂ ਦੱਸ ਫਿਰ! ਮਨ ਦੀਆਂ ਕਾਢਾਂ ਦੇ ਪਿੱਛੇ ਹੀ ਲੜਾਈ ਕਿਉਂ?

ਵਫ਼ਾ ਹੀ ਕਰਨੀ ਹੈ ਤਾਂ ਫੇਰ ਸਭ ਦੇ ਨਾਲ ਕਰ ਯਾਰਾ!
ਸਿਰਫ਼ ਇੱਕੋ ਦੇ ਬਦਲੇ, ਦੂਜਿਆਂ ਨਾ' ਬੇ-ਵਫ਼ਾਈ ਕਿਉਂ?

ਜ਼ਰਾ ਬਾਹਰ ਤੇ ਆ ਕੇ ਦੇਖ, ਕਿੰਨੀ ਸੁਹਣੀ ਹੈ ਹਰ ਥਾਂ,
ਇਕ ਭੀੜੇ ਚੌਗਿਰਦੇ ਵਿਚ ਹੀ, ਦੁਨੀਆਂ ਵਸਾਈ ਕਿਉਂ?

'ਲਾਈ-ਲੱਗ-ਮੋਮਨ' ਤੋਂ ਤਾਂ 'ਖੋਜੀ-ਕਾਫ਼ਰ' ਚੰਗਾ ਹੈ,
ਮਨੁੱਖਤਾ ਵਾਸਤੇ ਫਿਰ ਇਕ ਥਾਂ ਧੂਣੀ ਰਮਾਈ ਕਿਉਂ?

'ਅਹਿੰਸਾ-ਪਰਮੋਧਰਮਾ' ਹੈ, 'ਭਲਾ ਸਰਬੱਤ ਦਾ ਹੋਵੇ'
ਇਹ ਕਹਿ ਕੇ ਬਗਲ ਦੇ ਥੱਲੇ, ਛੁਰੀ ਦੱਸ ਫਿਰ ਛੁਪਾਈ ਕਿਉਂ?

ਤੇਰੇ ਆਉਣੇ ਤੇ ਜਾਣੇ ਨੂੰ, ਰਸਮਾਂ ਰੋਕ ਨਹੀਂ ਲੈਣਾ,
ਖ਼ੁਸ਼ਹਾਲੀ ਦੇ ਰਸਤੇ ਵਿਚ, ਇਨ੍ਹਾਂ ਦੀ ਕੰਧ ਬਣਾਈ ਕਿਉਂ?

ਕਦੇ ਸੁਣਿਆਂ ਹੈ, ਹਰ ਫ਼ਿਰਕੇ ਦਾ ਆਪਣਾ ਸੁਰਗ ਵੱਖਰਾ ਹੈ!
ਜੇ ਓਥੇ ਇਕ ਥਾਂ ਰਹਿਣਾ ਤਾਂ ਨਾ ਏਥੇ ਨਿਭਾਈ ਕਿਉਂ?

ਜੇ ਉਹਦਾ ਧਰਮ ਵੱਖਰਾ ਹੈ ਤਾਂ ਦੱਸ ਤੇਰਾ ਕੀ ਜਾਂਦਾ ਹੈ!
ਓ ਪ੍ਰੀਤਮ! ਪਿਆਰ ਕਰ, ਐਵੇਂ ਹੀ ਏਥੇ ਅੱਤ ਚਾਈ ਕਿਉਂ?

↑ ਤਤਕਰਾ ↑

11.

ਇਹ ਦੁਨੀਆਂ ਜਿਸ ਵਿਚ ਤੂੰ ਰਹਿਨੈ, ਸੌੜੀ ਹੈ,
ਇਹ ਦੁਨੀਆਂ ਜਿਸ ਵਿਚ ਮੈਂ ਰਹਿਨਾਂ ਚੌੜੀ ਹੈ।

ਤੇਰੇ ਸ਼ਹਿਰ ਦੀ ਸਾਰੀ ਦੀ ਸਾਰੀ ਖ਼ਲਕਤ,
ਮੰਦਰ, ਮਸਜਦ, ਗਿਰਜੇ ਦੇ ਵੱਲ ਦੌੜੀ ਹੈ।

ਜਿਨ੍ਹਾਂ ਮਸੀਹਾ ਕੱਲ੍ਹ ਸੂਲੀ 'ਤੇ ਟੰਗਿਆ ਸੀ,
ਉਨ੍ਹਾ ਦੇ ਹੱਥੀਂ, ਅੱਜ ਵੀ ਕਿੱਲ ਤੇ ਥੌੜੀ ਹੈ।

ਧਰਮ ਦੇ ਠੇਕੇਦਾਰਾ! ਧਰਮ ਉਚੇਰਾ ਹੈ,
ਤੇਰੇ ਕੋਲ ਸਮਝ ਦੀ ਨਿੱਕੀ ਪੌੜੀ ਹੈ।

ਧਰਮ ਨਹੀਂ, ਜੋ ਨਫ਼ਰਤ ਪੈਦਾ ਕਰਦਾ ਹੈ,
ਪਰ ਇਹ ਗੱਲ ਅਜੇ ਨਾ ਤੈਨੂੰ ਔੜੀ ਹੈ।

12.

ਇਹ ਦੁਨੀਆਂ ਹੋਰ ਹੋਣੀ ਸੀ ਜੇ ਏਥੇ ਪਿਆਰ ਨਾ ਹੁੰਦਾ
ਤੇ ਉਸ ਪਿਆਰ ਨੂੰ ਦਰਸਾਉਣ ਦਾ ਇਜ਼ਹਾਰ ਨਾ ਹੁੰਦਾ।

ਗੁਨਾਹਾਂ ਤੋਂ ਪਰੇ ਰਹਿ ਕੇ ਮੈਂ ਵੱਡਾ ਦੇਵਤਾ ਹੁੰਦਾ,
ਜੇ ਜੀਵਨ ਜੀਣ ਦੇ ਲਈ, ਮੈਂ ਵੀ ਦੁਨੀਆਂਦਾਰ ਨਾ ਹੁੰਦਾ।

ਅਗਰ ਇਨਸਾਨ ਸਭ ਨੂੰ ਆਪਣੇ ਵਰਗਾ ਹੀ ਸਮਝ ਲੈਂਦਾ,
ਤਾਂ ਫਿਰ ਦੁਨੀਆਂ ਦੇ ਅੰਦਰ ਕੋਈ ਗੁਨਾਹਗਾਰ ਨਾ ਹੁੰਦਾ।

ਧਰਮਾਂ ਦੇ ਅਸੂਲਾਂ ਨੂੰ ਇਹ ਦੁਨੀਆ ਸਮਝ ਸਕਦੀ ਜੇ,
ਤਾਂ ਹਰ ਤਤਕਾਰ ਸੁਲਝਾਵਣ ਦਾ ਹੱਲ, ਤਲਵਾਰ ਨਾ ਹੁੰਦਾ।

ਤੂੰ ਆਪਣੀ ਬਣਤ ਦਾ ਆਪੇ ਹੀ ਜ਼ੁੰਮੇਵਾਰ ਹੁੰਦਾ ਤਾਂ,
ਕਦੀ ਇਸ ਪਾਰ ਤੇ ਪ੍ਰੀਤਮ ਕਦੀ ਉਸ ਪਾਰ ਨਾ ਹੁੰਦਾ।

↑ ਤਤਕਰਾ ↑

13.

ਮੈਂ ਜ਼ਿੰਦਗਾਨੀ ਦੇ ਸਫ਼ਰ ‘ਤੇ ਸ਼ਰਮਸਾਰ ਨਹੀਂ,
ਇਸ਼ਕ ਬੇਕਾਰ ਸਹੀ, ਜ਼ਿੰਦਗੀ ਬੇਕਾਰ ਨਹੀਂ।

ਕੋਈ ਬੁਰਾ ਨਹੀਂ, ਨਾਕਾਮ ਹੋ ਕੇ ਰਹਿ ਜਾਣਾ,
ਕਿ ਕੰਮ ਵਾਂਗ, ਨਤੀਜੇ ‘ਤੇ ਇਖ਼ਤਿਆਰ ਨਹੀਂ।

ਸਿਰਫ਼ ਇਕ ਨਾਲ ਹੀ ਹੈ ਜਿਹੜਾ ਹੋ ਸਕਦਾ,
ਹੋਰ ਕੁਝ ਹੈ, ਅਸਲ ‘ਚ ਪਿਆਰ ਨਹੀਂ।

ਮੇਰੇ ਗੁਨਾਹ ਦੀ ਸਜ਼ਾ ਮੌਤ ਤਾਂ ਪੱਥਰ ਮਾਰੋ!
ਪਰ ਪੱਥਰ ਉਹੀ ਮਾਰੇ ਜੋ ਗੁਨਾਹਗਾਰ ਨਹੀਂ।

ਨਹੀਂ ਜਵਾਨੀ ਹੀ ਮਸਤਾਨੀ ਤਾਂ ਕੁਝ ਵੀ ਨਹੀਂ,
ਜੋ ਸਿਰਫ਼ ਪੀ ਕੇ ਹੀ ਆਉਂਦੈ, ਉਹ ਖ਼ੁਮਾਰ ਨਹੀਂ।

ਹਰ ਤਰਹ ਦੀ ਬੁਰੀ ਗੱਲ ਜਾਂ ਬਦ-ਦੁਆ ਕਹਿ ਦੇ,
ਪਰ ਇਹ ਨਾ ਆਖ ਕੇ ਪ੍ਰੀਤਮ ‘ਤੇ ਏਤਬਾਰ ਨਹੀਂ।

14.

ਗੀਤ ਹਾਂ, ਸੰਗੀਤ ਹਾਂ, ਆਵਾਜ਼ ਹਾਂ,
ਜ਼ਿੰਦਗੀ ਦੇ ਵਲਵਲੇ ਦਾ ਰਾਜ਼ ਹਾਂ।

ਮੈਂ ਹਾਂ, ਜੋ ਅੱਖਰਾਂ ਦੇ ਮਾਅਨੇ ਭਾਲਦਾ,
ਮੈਂ ਹੀ ਤੇ ਹਰ ਸੋਚ ਦੀ ਪਰਵਾਜ਼ ਹਾਂ।

ਪੌਣ ਦੀ, ਕਿਣਮਿਣ ਤੇ ਉਸਦੀ ਗਰਜ ਦੀ,
ਤਰਜਮਾਨੀ ਕਰਨ ਵਾਲਾ ਸਾਜ਼ ਹਾਂ।

ਧੁਨ ਸੁਰੀਲੀ ਨਾਲ, ਮਨ ਪਰਚਾ ਰਹੀ,
ਖਿੱਚੀ ਹੋਈ ਤਾਰ ਦਾ ਅੰਦਾਜ਼ ਹਾਂ।

ਫ਼ਰਸ਼ ਤੋਂ ਮੈਂ ਅਰਸ਼ ਤਾਈਂ ਪਹੁੰਚਿਆ,
ਅੰਤ ਤੋਂ ਅੱਗੇ ਹੈ ਜੋ, ਆਗ਼ਾਜ਼ ਹਾਂ।

↑ ਤਤਕਰਾ ↑

15.

ਕਦੇ ਕਦੇ ਕੋਈ ਕੁਝ ਨਾ ਕੁਝ ਚੰਗਾ ਲੱਗ ਜਾਵੇ,
ਮਨ ਦੀ ਏਸ ਅਵਸਥਾ ਨੂੰ ਕੁਝ ਨਾ ਤ੍ਰਿਪਤਾਵੇ।

ਦਿਲ ਦੀ ਚਿਤ੍ਰਸ਼ਾਲਾ ਵਿਚ ਜੋ ਤਸਵੀਰ ਬਣਾਈ,
ਵਿਆਕੁਲਤਾ ਦੀਆਂ ਕੰਧਾਂ 'ਤੇ, ਮਨ ਆਣ ਸਜਾਵੇ।

ਸੀਤਲ-ਮਦਰਾ ਜਾਣ ਕੇ, ਬੁਲ੍ਹੀਆਂ ਨੇ ਬਿਖ ਪੀਤੀ,
ਪ੍ਰੀਤਾਂ-ਜਾਈ ਪੀੜ ਲਈ ਕੋਈ ਮਹੁਰਾ ਖਾਵੇ।

ਆਸ-ਕਿਰਣ ਨੂੰ ਘੇਰਨ, ਗ਼ਮ ਦਾ ਬੱਦਲ਼ ਆਇਆ,
ਰੌਸ਼ਨੀਆਂ ਨੂੰ ਮੇਟਣ ਲਈ, ਬਿਜਲੀ ਚਮਕਾਵੇ।

ਹਰ ਊਸ਼ਾ ਦੀ ਲਾਲੀ ਵਾਂਗੂੰ, ਸੰਝ ਸਵੇਰੇ,
ਆਸ ਨਿਰਾਸ, ਦੋਹਾਂ ਦਾ ਕੋਈ ਮੇਲ ਕਰਾਵੇ।

ਮਿਥੇ ਹੋਏ ਨਿਯਮਾਂ ਵੱਸ, ਗਿੜਦੇ ਭਾਗ ਅਸਾਡੇ,
ਤਾਰਿਆਂ ਦੀ ਝਿਲਮਿਲ ਕੀ ਆਖੇ! ਸਮਝ ਨਾ ਆਵੇ।

ਅਸਲੀਅਤ ਤੋਂ ਨਿੱਖੜ, ਜਿੰਦੜੀ ਦੁੱਖ ਸਹੇੜੇ,
ਸੁਫ਼ਨਿਆਂ ਗਲ਼ ਲੱਗ ਕੇ, ਇਹ ਸੁਖ ਨਾ ਪਾਵੇ।

ਪ੍ਰੀਤ, ਅਕਲ ਦੇ ਦਾਬੇ ਹੇਠਾਂ, ਦੱਬਦੀ ਆਈ,
ਭਾਵਾਂ ਦੀ ਸੂਖ਼ਮਤਾ, ਇਸ ਨੂੰ ਆਣ ਬਚਾਵੇ।

ਲੋਰੀ ਵਰਗਾ ਕੋਈ ਗੀਤ-ਸੰਗੀਤ ਸੁਣਾਓ!
ਜੋ ਮਨ ਦੀ ਬੇਚੈਨੀ ਨੂੰ, ਠੰਡਕ ਪਹੁੰਚਾਵੇ।

ਮਨ ਦੀ ਏਸ ਅਵਸਥਾ ਨੂੰ, ਕੁਝ ਨਾ ਤ੍ਰਿਪਤਾਵੇ,
ਕਦੇ ਕਦੇ ਕੋਈ ਕੁਝ ਨਾ ਕੁਝ ਚੰਗਾ ਲੱਗ ਜਾਵੇ।

↑ ਤਤਕਰਾ ↑

16

ਕਦੇ ਖ਼ੁਸ਼ੀਆਂ ‘ਚ ਮੈਂ, ਕਦੇ ਗ਼ਮੀਆਂ ‘ਚ ਮੈਂ
ਗੁਣਗੁਣਾਉਂਦਾ ਰਿਹਾ, ਗੀਤ ਗਾਉਂਦਾ ਰਿਹਾ।
ਇਹ ਪਤਾ ਸੀ ਕਿ ਰੋਇਆਂ ਨਾ ਕੁਝ ਹੋ ਸਕੇ,
ਰੋਣਾ ਚਹੁੰਦਾ ਰਿਹਾ, ਮੁਸਕਰਾਉਂਦਾ ਰਿਹਾ।

ਮੇਰੇ ਰਾਹਾਂ ਦਾ ਜੋ ਆਸਰਾ ਹੋ ਗਏ,
ਦੋ ਕਦਮ ਚੱਲ ਕੇ ਹੀ ਉਹ ਜੁਦਾ ਹੋ ਗਏ,
ਮੋੜ ਜੀਵਨ ਨੇ ਐਸਾ ਲਿਆ, ਉਮਰ ਭਰ,
ਯਾਦ ਆਉਂਦਾ ਰਿਹਾ, ਮੈਂ ਭੁਲਾਉਂਦਾ ਰਿਹਾ।

ਰਾਤ ਆਹਿਸਤਾ ਆਹਿਸਤਾ ਤੁਰਦੀ ਰਹੀ,
ਜਿੰਦ ਸੋਚਾਂ ਦੇ ਵਹਿਣਾ ‘ਚ ਖੁਰਦੀ ਰਹੀ,
ਗੱਲ ਇਸ਼ਕਾਂ ਤੇ ਅਕਲਾਂ ‘ਚ ਹੋਂਦੀ ਰਹੀ,
ਨੀਦ ਰੁੱਸਦੀ ਰਹੀ, ਮੈਂ ਮਨਾਉਂਦਾ ਰਿਹਾ।

ਕਠ-ਪੁਤਲੀ ਦਾ ਖੇਡਾਂ ‘ਤੇ ਕੀ ਜ਼ੋਰ ਸੀ!
ਕਿ ਖਿਡਾਰੀ ਦੇ ਹੱਥ ਓਸ ਦੀ ਡੋਰ ਸੀ,
ਉਹਨੂੰ ਜੋ ਵੀ, ਜਿਵੇਂ ਚੰਗੀ ਲੱਗਦੀ ਰਹੀ,
ਓਂਵੇ ਨੱਚਦੀ ਰਹੀ, ਉਹ ਨਚਾਉਂਦਾ ਰਿਹਾ।

ਦੇਖੋ! ਕਿੱਦਾਂ ਦੀ ਮੇਰੀ ਤਬੀਅਤ ਰਹੀ,
ਕਿ ਹਮੇਸ਼ਾ ਹੀ ਜੂਝਣ ਦੀ ਆਦਤ ਰਹੀ,
ਜਿਹੜੀ ਸ਼ੈਅ ਮੈਥੋਂ ਪੂਰੀ ਵੀ ਸੀ ਹੋ ਗਈ,
ਫਿਰ ਤੋਂ ਢਾਉਂਦਾ ਰਿਹਾ ਤੇ ਬਣਾਉਂਦਾ ਰਿਹਾ।

↑ ਤਤਕਰਾ ↑

17

ਇਹ ਵਾਅਦਾ ਸੀ ਕੀਤਾ ਕਿ ਜੀਵਨ ਦੇ ਰਾਹ ‘ਤੇ
ਰਹਿਣਗੇ ਸਦਾ, ਮੇਰੀ ਉਲਫ਼ਤ ਦੇ ਰਾਹੀ।
ਇਹ ਰਸਤੇ ਵੀ ਓਥੇ ਤੇ ਮੰਜ਼ਿਲ ਵੀ ਓਥੇ,
ਉਹ ਫਿਰ ਕਿਉਂ ਨੇ ਭਟਕੇ, ਮੁਹੱਬਤ ਦੇ ਰਾਹੀ!

ਜਿਹਨੇ ਇਕ ਮਰਦੇ ਸਵਾਲੀ ਦੀ ਝੋਲੀ,
ਨਵੀ ਜ਼ਿੰਦਗਾਨੀ ਦਾ ਸੀ ਦਾਨ ਪਾਇਆ,
ਨਹੀਂ ਸਨ, ਉਹ ‘ਤੁਲਸੀ ਦੇ ਪੱਤਰ’ ਨਹੀਂ ਸਨ,
ਉਨ੍ਹਾਂ ਵਿਚ ਛੁਪੀ ਸੀ ਤੇਰੀ ਖ਼ੈਰ-ਖ਼ਾਹੀ।

ਇਹ ਵੱਸ ਤਾਂ ਨਹੀਂ ਹੈ ਕਿ ਤੈਨੂੰ ਨਾ ਚਾਹਵਾਂ,
ਮੈਂ ਫਿਰ ਵੀ ਬੜੀ ਵਾਰ ਕੋਸ਼ਿਸ਼ ਹੈ ਕੀਤੀ,
ਖ਼ਿਆਲਾਂ ਦੀ ਡੋਲੀ ‘ਚ, ਤੇਰੀ ਸਵਾਰੀ,
ਹਟਾ ਨਾ ਸਕੀ ਇਹ ਮਿਲਣ ਦੀ ਮਨਾਹੀ।

ਤੂ ਨਾ ਕਰ, ਇਹ ਜ਼ੋਰ ਧੰਙਾਣੇ ਤੂੰ ਨਾ ਕਰ,
ਹਰ ਇਕ ਜੁਰਮ ਦੇ ਲਈ ਬਣੀ ਹੈ ਕਚਹਿਰੀ,
ਕਿਤੇ ਤੇਰੇ ਹੀ ਉਲਟ ਹੋਵੇ ਨਾ ਇਕ ਦਿਨ,
ਇਹ ਖ਼ੁਦ ਤੇਰੇ ਆਪਣੇ ਹੀ ਦਿਲ ਦੀ ਗਵਾਹੀ।
ਤੂੰ ਪ੍ਰੀਤਮ ਨੂੰ ਪਹਿਲਾਂ ਪਰਖ ਕੇ ਤਾਂ ਦੇਖੀਂ,

ਕਿ ਕੀ ਮੁੱਲ ਪਾਉਂਦਾ ਹੈ, ਹੀਰੇ ਜਿਹੇ ਦਿਲ ਦਾ,
ਭੁਲੇਖੇ ਦੇ ਵਿਚ ਹੀ ਨਾ ਤੈਨੂੰ ਲੈ ਡੁੱਬੇ,
ਭਰੋਸੇ ਦੇ ਨਾਂ ‘ਤੇ, ਤੇਰੀ ਕਮ-ਨਿਗਾਹੀ।

↑ ਤਤਕਰਾ ↑

18

ਅੱਜ ਫਿਰ, ਕਾਸਿਦ ਦੇ ਕੋਲੋਂ, ਸੁਣ ਲਿਆ ਜਦ ਤੇਰਾ ਨਾਮ,
ਫਿਰ ਕੋਈ ਬੇਬਸ ਕਹਾਣੀ, ਕਰ ਗਈ ਹੈ ਬੇ-ਆਰਾਮ।

ਮੈਂ ਜਦੋਂ ਕਾਸਿਦ ਤੋਂ ਤੇਰਾ ਸੁਖ ਸੁਨੇਹਾ ਪੁਛਿੱਆ,
ਉਸ ਦੀ ਖ਼ਾਮੋਸ਼ੀ ਤੋਂ ਮੈਨੂੰ ਮਿਲ ਗਿਆ ਤੇਰਾ ਪੈਗ਼ਾਮ।

ਵਿਕ ਗਏ ਜਿਣਸਾਂ ਦੇ ਵਾਂਗੂੰ, ਹਸਰਤਾਂ ਦੇ ਚਾਅ ਤੇਰੇ,
ਤੇਰੀਆਂ ਨਜ਼ਰਾਂ ਦੀ ਮਸਤੀ, ਤੇਰਿਆਂ ਹੋਠਾਂ ਦਾ ਜਾਮ।

ਦੱਬ ਗਿਆ ਗੋਰੀ ਦਾ ਰੋਣਾ, ਸ਼ਹਿਨਾਈ ਦੇ ਸ਼ੋਰ ਵਿਚ,
ਜੁੱਰਤਾਂ ਦੇ ਬੋਲ ਨੂੰ ਵੀ ਪੈ ਗਈ ਕੋਈ ਲਗਾਮ।

ਖ਼ੂਨ ਫਿਰ ਉਲਫ਼ਤ ਕਿਸੇ ਦਾ ਹੋਇਆ ਹੋਣਾ ਹੈ ਜ਼ਰੂਰ,
ਫੇਰ ਸੂਰਜ ਦੇ ਲਹੂ ਵਿਚ ਲੱਥ ਪੱਥ ਹੋਈ ਹੈ ਸ਼ਾਮ।

↑ ਤਤਕਰਾ ↑